ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040223
Available online at: www.armaan.org.in
DOI: https://doi.org/10.64119/armaan.vol.4.issue2.23

# ਵਣਜਾਰਾ ਬੇਦੀ ਦੁਆਰਾ ਸੰਕਲਿਤ ਲੋਕ ਕਥਾਵਾਂ: 'ਲੋਕ ਬੀਰ ਰਾਜਾ ਰਸਾਲੂ' ਵਿੱਚ ਭਾਰਤੀ ਪਰੰਪਰਾ

# Wanjara Bedi Duwara Sankalit Lok Kathavan: Raja Rasalu Vich Bharati Parampara

**ਹੰਸਰਾਜ (Hansraj)**
ਖੋਜਾਰਥੀ, ਪੰਜਾਬੀ ਅਤੇ ਡੋਗਰੀ ਵਿਭਾਗ (Research Scholar, Dept. of Punjabi & Dogri)
ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ (ਹਿਮਾਚਲ ਪ੍ਰਦੇਸ਼)- 176215
Email ID: hansraj.in409@gmail.com

**ਸਾਰ (Abstract)**

*ਵਣਜਾਰਾ ਬੇਦੀ ਦੁਆਰਾ ਸੰਕਲਿਤ 'ਰਾਜਾ ਰਸਾਲੂ' ਪੰਜਾਬੀ ਲੋਕ ਸਾਹਿਤ ਦੀ ਇੱਕ ਵਡਮੁੱਲੀ ਕ੍ਰਿਤ ਹੈ, ਜਿਸ ਵਿੱਚ 21 ਲੋਕ ਕਥਾਵਾਂ ਰਾਹੀਂ ਲੋਕ-ਬੀਰ ਰਾਜਾ ਰਸਾਲੂ ਦੇ ਵਿਅਕਤੀਤਵ ਅਤੇ ਉਸ ਨਾਲ ਜੁੜੀ ਸੱਭਿਆਚਾਰਕ ਧਰੋਹਰ ਦਾ ਪ੍ਰਤੀਬਿੰਬ ਮਿਲਦਾ ਹੈ। ਇਹ ਕਥਾਵਾਂ ਲੋਕ ਸਾਹਿਤ ਦੀ ਰੂਹ ਹਨ, ਜਿਨ੍ਹਾਂ ਦਾ ਬਿਰਤਾਂਤ ਸਦੀਆਂ ਤੋਂ ਲੋਕਾਂ ਦੀ ਮਾਨਸਿਕਤਾ ਵਿੱਚ ਡੂੰਘਾ ਉਕਰਿਆ ਹੋਇਆ ਹੈ। ਉਸੇ ਲੋਕ ਬਿਰਤਾਂਤ ਵਿੱਚੋਂ ਰਾਜਾ ਰਸਾਲੂ ਉਪਜਦਾ ਹੈ ਜੋ ਪੰਜਾਬੀਆਂ ਦੇ ਅਵਚੇਤਨ ਵਿੱਚ ਲੋਕ ਬੀਰ (ਲੋਕ ਵੀਰ) ਦੇ ਰੂਪ ਵਿੱਚ ਬੈਠ ਜਾਂਦਾ ਹੈ ਅਤੇ ਜਿਸ ਨੂੰ ਆਪਣੀ ਵਿਲੱਖਣ ਸ਼ਖਸੀਅਤ, ਅਨੂਠੀ ਪ੍ਰਤਿਭਾ ਅਤੇ ਸੰਵੇਦਨਸ਼ੀਲ ਸੁਭਾਅ ਸਦਕਾ ਦੁਨੀਆ ਭਰ ਦੇ ਲੋਕ ਬੀਰਾਂ ਵਿੱਚ ਮੁੱਢਲਾ ਸਥਾਨ ਪ੍ਰਾਪਤ ਹੈ। ਰਾਜਾ ਰਸਾਲੂ ਨਾਲ ਸੰਬੰਧਿਤ ਲੋਕ ਕਥਾਵਾਂ ਵਿੱਚ ਭਾਰਤੀ ਪਰੰਪਰਾ, ਸੱਭਿਆਚਾਰਕ ਮੁੱਲਾਂ ਅਤੇ ਪ੍ਰਤੀਕਾਤਮਕ ਅਰਥਾਂ ਦੀ ਝਲਕ ਦਿਖਾਈ ਦਿੰਦੀ ਹੈ। ਹੱਥਲੇ ਖੋਜ ਪੱਤਰ ਦਾ ਮਕਸਦ ਰਾਜਾ ਰਸਾਲੂ ਵਿੱਚ ਮੌਜੂਦ ਲੋਕ ਵਿਸ਼ਵਾਸ਼ਾਂ, ਸਮਾਜਕ ਸਰੰਚਨਾਵਾਂ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਪਛਾਣ ਕਰਨਾ ਹੈ। ਇਨ੍ਹਾਂ ਕਥਾਵਾਂ ਵਿੱਚ ਮੌਜੂਦ ਵੱਖ-ਵੱਖ ਪ੍ਰਤੀਕਾਂ ਜਿਵੇਂ ਕਿ ਅਲੌਕਿਕ ਤੱਤ, ਰਾਜ ਧਰਮ, ਧਾਰਮਿਕ ਆਸਥਾ ਅਤੇ ਕਥਾਨਕ ਰੂੜੀਆਂ ਨੂੰ ਇਸ ਅਧੀਐਨ ਦਾ ਆਧਾਰ ਬਣਾਇਆ ਗਿਆ ਹੈ।*

**ਕੀਵਰਡ (Keyword):** *ਲੋਕ ਸਾਹਿਤ, ਲੋਕ ਬੀਰ, ਰਾਜਾ ਰਸਾਲੂ, ਭਾਰਤੀ ਪਰੰਪਰਾ, ਸੱਭਿਆਚਾਰਕ ਤੱਤ, ਪ੍ਰਤੀਕ, ਨੈਤਿਕ ਮੁੱਲ।*

ਪੰਜਾਬੀ ਲੋਕ-ਸਾਹਿਤ ਅਤੇ ਸੱਭਿਆਚਾਰ ਦੇ ਪ੍ਰਮੁੱਖ ਅਧਿਏਤਾ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦਾ ਪੰਜਾਬੀ ਲੋਕ-ਪਰੰਪਰਾ, ਲੋਕ-ਬਿਰਤਾਂਤਾਂ ਅਤੇ ਲੋਕ-ਵਿਰਾਸਤ ਦੇ ਵਿਭਿੰਨ ਆਯਾਮਾਂ ਨੂੰ ਸੰਭਾਲਣ, ਉਨ੍ਹਾਂ ਦੀ ਅਰਥ-ਵਿਆਖਿਆ ਕਰਨ ਅਤੇ ਉਨ੍ਹਾਂ ਨੂੰ ਸਾਹਿਤਕ ਤੇ ਸਾਂਸਕ੍ਰਿਤਿਕ ਪ੍ਰਸੰਗ ਵਿੱਚ ਸਥਾਪਿਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਹੈ। ਡਾ. ਬੇਦੀ ਪੰਜਾਬੀ ਲੋਕਧਾਰਾ ਅਧਿਐਨ ਵਿੱਚ ਵਿਗਿਆਨਕ ਚਿੰਤਨ ਦੇ ਮੋਢੀ ਵਿਦਵਾਨਾਂ ਵਿੱਚ ਗਿਣੇ ਜਾਂਦੇ ਹਨ। ਉਨ੍ਹਾਂ ਨੇ ਲੋਕ-ਸਾਹਿਤ ਨੂੰ ਕੇਵਲ ਸੰਕਲਨ ਤੱਕ ਸੀਮਿਤ ਨਹੀਂ ਰੱਖਿਆ, ਸਗੋਂ ਇਸ ਦੇ ਸਮਾਜਿਕ, ਸਾਂਸਕ੍ਰਿਤਿਕ ਅਤੇ ਮਨੋਵਿਗਿਆਨਕ ਪੱਖਾਂ ਦਾ ਵੀ ਮੁਲਾਂਕਣ-ਵਿਸ਼ਲੇਸ਼ਣ ਕੀਤਾ। ਲੋਕਧਾਰਾ ਅਧਿਐਨ ਦੇ ਖੇਤਰ ਵਿੱਚ ਉਨ੍ਹਾਂ ਦਾ ਯੋਗਦਾਨ ਇੰਨਾ ਵਿਸ਼ਾਲ ਹੈ ਕਿ ਉਨ੍ਹਾਂ ਨੇ ਵਿਅਕਤੀਗਤ ਰੂਪ ਵਿੱਚ ਇੱਕ ਸੰਸਥਾ ਵਾਂਗ ਕੰਮ ਕੀਤਾ। ਉਨ੍ਹਾਂ ਦੀ ਪੁਸਤਕ *'ਲੋਕ ਬੀਰ ਰਾਜਾ ਰਸਾਲੂ'* ਪੰਜਾਬੀ ਲੋਕ-ਸਾਹਿਤ ਦੀ ਇੱਕ ਪ੍ਰਮਾਣਿਕ ਕ੍ਰਿਤ ਹੈ, ਜਿਸ ਵਿੱਚ ਲੋਕ-ਬੀਰ ਰਾਜਾ ਰਸਾਲੂ ਨਾਲ ਸੰਬੰਧਿਤ 21 ਲੋਕ-ਕਥਾਵਾਂ ਨੂੰ ਸੰਕਲਿਤ ਕੀਤਾ ਗਿਆ ਹੈ। ਇਨ੍ਹਾਂ ਕਥਾਵਾਂ ਵਿੱਚ *ਰਾਜਾ ਸਲਵਾਨ, ਰਾਣੀ ਇਛਰਾਂ, ਰਾਣੀ ਲੂਣਾ, ਲੂਣਾ ਤੇ ਪੂਰਨ, ਰਸਾਲੂ ਦਾ ਜਨਮ, ਰਸਾਲੂ ਦਾ ਭੋਰਿਉਂ ਨਿਕਲਣਾ, ਰਸਾਲੂ ਦਾ ਦੇਸ-ਨਿਕਾਲਾ, ਜੰਗਲ ਵਿੱਚ ਪਹਿਲੀ ਰਾਤ, ਬਾਸ਼ਕ ਨਾਗ, ਰਾਜਾ ਭੋਜ, ਮੀਰ ਸ਼ਿਕਾਰੀ, ਛਲਾਵਾ ਮਹਿਲ, ਚਾਂਦਨੀ ਰਾਤ, ਸੱਤ ਰਾਖਸ਼, ਰਸਾਲੂ ਦਾ ਔਧਾ ਵਿਆਹ, ਤਿਲੀਅਰ ਨਾਗ, ਸਿਰਮੁਖ, ਰਾਜਾ ਸਿਰਕੱਪ, ਬਿਸ਼ੀਆਰ ਮਹਿਲ, ਰਾਣੀ ਕੋਕਿਲਾ* ਅਤੇ *ਰਸਾਲੂ ਦਾ ਸੈਲ-ਪੱਥਰ ਹੋਣਾ* ਵਰਗੇ ਲੋਕ-ਬਿਰਤਾਂਤ ਸ਼ਾਮਲ ਹਨ। ਇਹ ਕਥਾਵਾਂ ਕੇਵਲ ਰਾਜਾ ਰਸਾਲੂ ਦੇ ਵੀਰਤਾਪੂਰਨ, ਅਲੌਕਿਕ ਅਤੇ ਲੋਕ-ਨਾਇਕੀ ਵਿਅਕਤੀਤਵ ਨੂੰ ਹੀ ਪ੍ਰਗਟ ਨਹੀਂ ਕਰਦੀਆਂ, ਸਗੋਂ ਪੰਜਾਬੀ ਲੋਕ-ਚੇਤਨਾ, ਲੋਕ-ਵਿਸ਼ਵਾਸਾਂ, ਸਮਾਜਿਕ ਸਰੰਚਨਾਵਾਂ ਅਤੇ ਸਾਂਸਕ੍ਰਿਤਿਕ ਕਦਰਾਂ-ਕੀਮਤਾਂ ਨੂੰ ਵੀ ਵਿਸਤ੍ਰਿਤ ਰੂਪ ਵਿੱਚ ਉਜਾਗਰ ਕਰਦੀਆਂ ਹਨ। ਇਨ੍ਹਾਂ ਲੋਕ-ਬਿਰਤਾਂਤਾਂ ਵਿੱਚ ਮਿਥਿਕ ਚੇਤਨਾ, ਪ੍ਰਤੀਕਾਤਮਕਤਾ, ਨੈਤਿਕ ਮੁੱਲਾਂ ਅਤੇ ਭਾਰਤੀ ਜੀਵਨ-ਦ੍ਰਿਸ਼ਟੀ ਦੇ ਵਿਭਿੰਨ ਪੱਖਾਂ ਦਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਵਣਜਾਰਾ ਬੇਦੀ ਨੇ ਇਨ੍ਹਾਂ ਕਥਾਵਾਂ ਨੂੰ ਸਿਰਫ਼ ਸੰਕਲਿਤ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਦੀ ਬਿਰਤਾਂਤਕ ਬਣਤਰ, ਲੋਕ-ਮਨੋਵਿਗਿਆਨ ਅਤੇ ਸਾਂਸਕ੍ਰਿਤਿਕ ਅਰਥਾਂ ਨੂੰ ਵੀ ਗੰਭੀਰਤਾ ਨਾਲ ਉਜਾਗਰ ਕੀਤਾ ਹੈ।

ਪੰਜਾਬੀ ਲੋਕ ਸਾਹਿਤ ਭਾਰਤੀ ਸੱਭਿਆਚਾਰ ਦੀ ਆਤਮਾ ਦਾ ਅਟੁੱਟ ਅਤੇ ਜੀਵੰਤ ਅੰਗ ਹੈ, ਜੋ ਆਪਣੀ ਅੰਦਰੂਨੀ ਬਣਤਰ ਵਿੱਚ ਲੋਕ ਜੀਵਨ ਦੇ ਅਨੁਭਵਾਂ, ਜੀਵਨ-ਦ੍ਰਿਸ਼ਟੀ ਅਤੇ ਪਰੰਪਰਾਗਤ ਮੁੱਲਾਂ ਨੂੰ ਸੰਭਾਲਦਾ ਆਇਆ ਹੈ। ਇਹ ਸਾਹਿਤ ਸਿਰਫ਼ ਭਾਵਨਾਤਮਕ ਅਭਿਵਿਕਤੀ ਨਹੀਂ, ਸਗੋਂ ਇੱਕ ਸੱਭਿਆਚਾਰਕ ਦਸਤਾਵੇਜ਼ ਵਜੋਂ ਵੀ ਪ੍ਰਗਟ ਹੁੰਦਾ ਹੈ, ਜਿਸ ਵਿੱਚ ਸਮਾਜ ਦੀ ਇਤਿਹਾਸਕ ਚੇਤਨਾ, ਜੀਵਨ-ਮੁੱਲ ਅਤੇ ਲੋਕ-ਵਿਸ਼ਵਾਸ ਸੰਗ੍ਰਹਿਤ ਹੁੰਦੇ ਹਨ। ਇਸ ਵਿਸ਼ਾਲ ਸਾਹਿਤਕ ਧਾਰਾ ਵਿੱਚ ਲੋਕ ਕਥਾਵਾਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ, ਜੋ ਸਮਾਜਕ ਸੰਰਚਨਾਵਾਂ, ਧਾਰਮਿਕ ਧਾਰਣਾਵਾਂ ਅਤੇ ਸੱਭਿਆਚਾਰਕ ਮੁੱਲ-ਪ੍ਰਣਾਲੀਆਂ ਦੀ

ਅਰਥਪੂਰਨ ਅਭਿਵਿਅਕਤੀ ਕਰਦੀਆਂ ਹਨ। ਪੰਜਾਬ ਵਿੱਚ ਪ੍ਰਚਲਿਤ ਲੋਕ ਕਥਾਵਾਂ ਪੰਜਾਬੀ ਸਭਿਆਚਾਰ ਦਾ ਮਹੱਤਵਪੂਰਨ ਦਸਤਾਵੇਜ਼ ਹਨ ਅਤੇ ਹਰ ਪੰਜਾਬੀ ਇਨ੍ਹਾਂ ਕਥਾਵਾਂ ਦੇ ਨਾਇਕ ਨਾਇਕਾਵਾਂ 'ਤੇ ਮਾਣ ਕਰਦਾ ਹੋਇਆ ਇਨ੍ਹਾਂ ਵਿੱਚੋਂ ਆਪਣੇ ਨਕਸ਼ ਨਿਹਾਰਦਾ ਹੈ। ਲੋਕ ਬੀਰ (ਲੋਕ ਵੀਰ) ਰਾਜਾ ਰਸਾਲੂ ਦੀ ਭੂਮਿਕਾ ਵਿੱਚ ਵਣਜਾਰਾ ਬੇਦੀ ਲਿਖਦੇ ਹਨ:

*ਰਾਜਾ ਰਸਾਲੂ ਹਮੇਸ਼ਾ ਮੇਰਾ ਸੁਪਨਾ ਰਿਹਾ ਹੈ-ਮੇਰਾ ਜੀਵਨ ਆਦਰਸ਼। ਮੈਂ ਹਮੇਸ਼ਾਂ ਇਸ ਆਦਰਸ਼ ਵਿੱਚ ਆਪਣੇ ਸੁਪਨੇ ਸਾਕਾਰ ਹੁੰਦੇ ਲੋਚਦਾ ਹਾਂ। ਮੈਂ ਰਸਾਲੂ ਨਾਲ ਇੱਕ ਅਲੌਕਿਕ ਜਿਹੇ ਮੋਹ ਵਿੱਚ ਬੱਝਿਆ ਹੋਇਆ ਹਾਂ। ਭਰ ਜਵਾਨੀ ਵਿੱਚ ਮੈਂ ਆਪਣੀਆਂ ਧੜਕਨਾਂ ਵਿੱਚ ਉਹਨੂੰ ਜੀਵਿਆ ਹੈ। ਭਾਵਨਾਵਾਂ ਵਿੱਚ ਰਚਾਇਆ ਹੈ। ਮੇਰੀ ਉਹਦੇ ਨਾਲ ਬਹੁਪੱਖੀ ਸਾਂਝ ਹੈ। ਰਸਾਲੂ ਵਾਂਗ ਮੈਂ ਵੀ ਸਿਆਲਕੋਟ ਵਿੱਚ ਹੀ ਜੰਮਿਆ ਹਾਂ। ਜਵਾਨੀ ਵਿੱਚ ਰਸਾਲੂ ਜਿਨ੍ਹਾਂ ਖੇਤਰਾਂ ਵਿੱਚ ਵਿਚਰਦਾ ਰਿਹਾ, ਉਹ ਮੇਰੇ ਨਾਨਕੇ ਦਾਦਕੇ ਹਨ। ਮੇਰੀ ਚੜ੍ਹਦੀ ਜਵਾਨੀ ਇਨ੍ਹਾਂ ਖੇਤਰਾਂ ਵਿੱਚ ਹੀ ਬੀਤੀ ਹੈ। ਇਸ ਲਈ ਮੈਨੂੰ ਹਮੇਸ਼ਾ ਇਹ ਲੱਗਿਆ ਕਿ ਮੈਂ ਉਹਨੂੰ ਜਨਮ-ਜਨਮਾਂਤਰਾਂ ਤੋਂ ਪਛਾਣਦਾ ਹਾਂ।(1)*

ਇਹ ਕਥਾਵਾਂ ਮੌਖਿਕ ਰੂਪ ਵਿੱਚ ਪੀੜ੍ਹੀ ਦਰ ਪੀੜ੍ਹੀ ਸੰਚਾਰਿਤ ਹੁੰਦੀਆਂ ਹੋਈਆਂ ਮਨੁੱਖੀ ਜੀਵਨ ਦੇ ਅਨੁਭਵਾਂ, ਸੰਘਰਸ਼ਾਂ ਅਤੇ ਅਧਿਆਤਮਿਕ ਧਾਰਣਾਵਾਂ ਨੂੰ ਪ੍ਰਭਾਵਸ਼ਾਲੀ ਅਤੇ ਜੀਵੰਤ ਢੰਗ ਨਾਲ ਅਭਿਵਿਕਤ ਕਰਦੀਆਂ ਹਨ। ਵਿਸ਼ੇਸ਼ ਸਾਹਿਤ ਦੀਆਂ ਜੜ੍ਹਾਂ ਲੋਕ ਕਥਾਵਾਂ ਦੀ ਕਾਇਆ ਵਿੱਚ ਫੈਲਦੀਆਂ ਹਨ। ਇਨ੍ਹਾਂ ਲੋਕ ਕਥਾਵਾਂ ਦਾ ਮੂਲ ਸਰੋਤ ਭਾਰਤੀ ਕਥਾ ਸਾਹਿਤ ਹੀ ਹੈ ਜੋ ਆਪਣੇ ਮੌਖਿਕ ਰੂਪ ਵਿੱਚ ਪੀੜ੍ਹੀ ਦਰ ਪੀੜ੍ਹੀ ਨਿਰੰਤਰ ਸਫ਼ਰ ਤੈਅ ਕਰਦੀਆਂ ਰਹੀਆਂ ਹਨ। ਇਨ੍ਹਾਂ ਕਥਾਵਾਂ ਬਾਰੇ ਡਾ. ਹਰਜੋਧ ਸਿੰਘ ਲਿਖਦੇ ਹਨ:

*ਲਿਖਤੀ ਸਾਧਨਾਂ ਦੀ ਘਾਟ ਹੋਣ ਕਾਰਨ, ਸਦੀਆਂ ਤੋਂ ਮੌਖਿਕ ਰੂਪ ਵਿਚ ਕਥਾ, ਕਹਾਣੀਆਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਨਿਰੰਤਰ ਸਫ਼ਰ ਤੈਅ ਕਰਦੀਆਂ ਹਨ। ਇਹੀ ਮੇਲਿਆਂ, ਪਿੜਾਂ, ਇਕੱਠਾਂ, ਸਮਾਗਮਾਂ ਜਾਂ ਹੋਰਾਂ ਮੌਕਿਆਂ 'ਤੇ ਪੇਸ਼ਾਵਰ ਗਾਇਕ, ਗਮੰਤਰੀ, ਮਰਾਸੀ ਭੰਡ ਆਦਿ ਜਾਤੀਆਂ ਦੇ ਲੋਕ, ਲੋਕ-ਕਥਾਵਾਂ ਨੂੰ ਗਾ ਕੇ ਸੁਣਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਸਨ। ਇਨ੍ਹਾਂ ਕਥਾਵਾਂ ਜਾਂ ਪ੍ਰੇਮ ਗਾਥਾਵਾਂ ਨੂੰ ਪ੍ਰਚਲਿਤ ਛੰਦਾਂ, ਬੋਲੀਆਂ ਅਤੇ ਲੈਆਂ ਪਰੋ ਕੇ ਪੁਸ਼ਤ ਦਰ ਪੁਸ਼ਤ ਸਾਂਭ ਕੇ ਰੱਖਣ ਦਾ ਯਤਨ ਕੀਤਾ।..ਲੋਕ ਸਾਹਿਤ ਵਿਚ ਮੌਜੂਦ ਮੌਖਿਕ ਲੋਕ ਕਥਾਵਾਂ (ਪ੍ਰੀਤ ਕਥਾਵਾਂ) ਜਿਵੇਂ ਹੀਰ-ਰਾਂਝਾ, ਮਿਰਜ਼ਾ-ਸਾਹਿਬਾ ਆਦਿ ਨੂੰ ਪਹਿਲੇ ਕਿੱਸਾਕਾਰਾਂ ਦਮੋਦਰ, ਪੀਲੂ ਆਦਿ ਨੇ ਕਿੱਸਿਆਂ ਦੇ ਰੂਪ ਵਿਚ ਪੇਸ਼ ਕੀਤਾ। ਇਸ ਪ੍ਰਕਾਰ ਇਹ ਕਿੱਸੇ ਲੋਕ ਸਾਹਿਤ ਵਿਚ ਉਤਪੰਨ ਹੋਕੇ ਇਨ੍ਹਾਂ ਕਿੱਸਾਕਾਰਾਂ ਦੀ ਮਲਕੀਅਤ ਬਣ ਕੇ ਵਸ਼ਿਸ਼ਟ ਸਾਹਿਤ ਵਿਚ ਪ੍ਰਵੇਸ਼ ਕਰ ਗਏ।(2)*

ਇਹ ਲੋਕ ਕਥਾਵਾਂ ਪੰਜਾਬੀ ਸੁਭਾਅ, ਪੰਜਾਬੀ ਕਲਾ, ਪੰਜਾਬੀ ਜੀਵਨ ਢੰਗ ਅਤੇ ਪੰਜਾਬੀਆਂ ਦੇ ਅਵਚੇਤਨ ਨੂੰ ਸੰਭਾਲੀ ਬੈਠੀਆਂ ਹਨ। ਪੰਜਾਬੀ ਅੱਜ ਵੀ ਇਨ੍ਹਾਂ ਤੋਂ ਨਵੀਂ ਸੇਧ ਤੇ ਨਵਾਂ ਉਤਸਾਹ ਲੈਂਦੇ ਹਨ। ਮਨੁੱਖੀ ਮਨ ਦੇ ਅਵਚੇਤਨ 'ਚ ਬੈਠਾ ਇਨ੍ਹਾਂ ਕਥਾਵਾਂ ਦੇ ਬਿਰਤਾਂਤ ਦਾ ਸਫ਼ਰ ਮਿਥਕ ਚੇਤਨਾ ਤੋਂ ਸ਼ੁਰੂ ਹੋ ਕੇ ਦੰਤ ਕਥਾਵਾਂ ਦੇ ਰੂਪ ਵਿੱਚ ਵਿਕਸਿਤ ਹੁੰਦਾ ਹੋਇਆ, ਸਮਾਜਕ ਚੇਤਨਾ ਦੇ ਵਿਕਾਸ ਨਾਲ ਲੋਕ ਕਹਾਣੀ ਦਾ ਰੂਪ ਧਾਰਨ ਕਰਦਾ ਹੈ। ਲੋਕ ਕਹਾਣੀ ਦੀ ਬਣਤਰ ਤੇ ਬੁਣਤਰ ਬਾਰੇ ਡਾ. ਜੋਗਿੰਦਰ ਸਿੰਘ ਕੈਰੋਂ ਦੀ ਟਿੱਪਣੀ ਗੌਲਣਯੋਗ ਹੈ:

*ਲੋਕ ਕਹਾਣੀਆਂ ਦਾ ਸੁਭਾਅ ਘਰੇਲੂ ਹੁੰਦਾ ਹੈ। ਉਹ ਪਰਿਵਾਰਕ ਉਲਝਣਾ ਅਤੇ ਸਮੱਸਿਆਵਾਂ ਵਿੱਚੋਂ ਪੈਦਾ ਹੁੰਦੀਆਂ ਹਨ। ਇਹਨਾਂ ਦੇ ਵਿਸ਼ੇ ਆਮ ਤੌਰ 'ਤੇ ਸਭਿਆਚਰਕ ਰੂੜੀਆਂ ਅਤੇ ਪਰਿਵਾਰਕ ਪ੍ਰਬੰਧ ਵਿੱਚ ਆਈਆਂ ਤ੍ਰੇੜਾਂ ਉੱਪਰ ਆਧਾਰਿਤ ਹੁੰਦੇ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਭਾਵੇਂ ਕੋਈ ਵੀ ਹੋਣ ਮਨੁੱਖ, ਪਸ਼ੂ, ਪੰਛੀ ਜਾਂ ਦੂਜੇ ਜੰਗਲੀ ਜਾਨਵਰ, ਇਨ੍ਹਾਂ ਦਾ ਮੁੱਖ ਕਾਰਜ ਮਨੁੱਖੀ ਹਾਵਾ-ਭਾਵਾਂ ਨੂੰ ਪ੍ਰਗਟਾਉਣ ਤੇ ਉਨ੍ਹਾਂ ਨੈਤਿਕ ਕਦਰਾਂ-ਕੀਮਤਾਂ ਨੂੰ ਦ੍ਰਿੜਾਉਣਾ ਹੁੰਦਾ ਹੈ ਜਿਹੜੀਆਂ ਸੰਬੰਧਿਤ ਸਭਿਆਚਾਰ ਵਿੱਚ ਸਵੀਕ੍ਰਿਤ ਹਨ।(3)*

ਲੋਕ ਕਥਾ ਦੇ ਨਿਰਧਾਰਿਤ ਤੱਤਾਂ ਵਿੱਚ ਲੋਕਮਨ ਦੀ ਅਭਿਵਿਅਕਤੀ ਅਤੇ ਪ੍ਰਵਾਨਗੀ, ਬਿਰਤਾਂਤ, ਕਥਾਨਕ ਰੂੜੀਆਂ, ਪਾਤਰ ਚਿਤਰਣ, ਘਟਨਾਵਾਂ, ਕਥਾਕਾਰ, ਕਲਪਨਾ ਆਦਿ ਤੱਤ ਸ਼ਾਮਿਲ ਹੁੰਦੇ ਹਨ, ਪਰ ਇਸ ਦੀ ਉੱਭਰਵੀਂ ਅਤੇ ਕੇਂਦਰੀ ਪਛਾਣ ਬਿਰਤਾਂਤ ਸਰੰਚਨਾ ਅਰਥਾਤ ਪੇਸ਼ਕਾਰੀ ਹੁੰਦੀ ਹੈ। ਵਣਜਾਰਾ ਬੇਦੀ ਅਨੁਸਾਰ:

*ਬਿਰਤਾਂਤ ਤੋਂ ਬਗੈਰ ਕੋਈ ਕਹਾਣੀ ਸਿਰਜੀ ਹੀ ਨਹੀਂ ਜਾ ਸਕਦੀ ਅਤੇ ਜੇ ਉਸ ਬਿਰਤਾਂਤ ਵਿੱਚ ਲੋਕਮਨ ਦਾ ਪਾਸਾਰ ਨਹੀਂ ਤਾਂ ਉਹ ਕਹਾਣੀ ਤਾਂ ਹੋਵੇਗੀ ਪਰ ਬਾਤ (ਲੋਕ ਕਹਾਣੀ) ਨਹੀਂ।(4)*

ਲੋਕ ਬਿਰਤਾਂਤਾਂ ਦੀ ਇਹ ਵਿਲੱਖਣਤਾਈ ਹੁੰਦੀ ਹੈ ਕਿ ਇਹ ਪਰੰਪਰਕ ਅੰਸ਼ਾਂ ਨਾਲ ਭਰਪੂਰ ਅਤੇ ਲੋਕ ਸਮੂਹ ਵੱਲੋਂ ਪ੍ਰਵਾਨਿਤ ਹੋ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਂ ਅੱਗੇ ਮੌਖਿਕ ਪੱਧਰ 'ਤੇ ਸੰਚਾਰਿਤ ਅਤੇ ਪੁਨਰ-ਸੁਰਜਿਤ ਹੁੰਦੇ ਰਹਿੰਦੇ ਹਨ। ਲੋਕ ਸਮੂਹ ਵੱਲੋਂ ਪ੍ਰਵਾਨਗੀ ਦਾ ਆਧਾਰ ਜਾਂ ਮਾਪਦੰਡ ਸਮੂਹਿਕ ਨੈਤਿਕਤਾ ਅਰਥਾਤ ਆਚਰਣਕ ਕਦਰਾਂ-ਕੀਮਤਾਂ ਹੁੰਦੀਆਂ ਹਨ। ਲੋਕ ਬਿਰਤਾਂਤ ਮਨੁੱਖੀ ਚੇਤਨਾ ਦੀ ਸਿਰਜਣਾਤਮਕ ਅਭਿਵਿਅਕਤੀ ਦਾ ਇੱਕ ਮਹੱਤਵਪੂਰਨ ਅੰਗ ਹਨ। ਬਿਰਤਾਂਤ ਹਰ ਸਮੇਂ ਮਨੁੱਖ ਦੇ ਵਸਤੂ-ਜਗਤ ਅਤੇ ਸੁਪਨ-ਸੰਸਾਰ ਵਿਚਲੇ ਪਾੜੇ ਅਤੇ ਉਸ ਤੋਂ ਉਪਜੇ ਤਣਾਅ ਦੀ ਤਰਜਮਾਨੀ ਕਰਦਾ ਰਿਹਾ ਹੈ। ਲੋਕ ਬਿਰਤਾਂਤ ਦੇ ਅੰਤਰਗਤ ਮਿੱਥ ਕਥਾਵਾਂ (Myths), ਦੰਤ ਕਥਾਵਾਂ (Legends), ਸਧਾਰਨ ਲੋਕ ਕਹਾਣੀਆਂ (Folktales) ਅਤੇ ਹੋਰ ਕਥਾ-ਰੂਪ ਸ਼ਾਮਲ ਹੁੰਦੇ ਹਨ, ਜੋ ਆਪਣੇ ਮੂਲ ਸਰੂਪ ਵਿੱਚ ਬਿਰਤਾਂਤਕ ਸੰਰਚਨਾ ਨੂੰ ਧਾਰਨ ਕਰਦੇ ਹੋਏ ਸਮਾਜਿਕ ਸਾਂਸਕ੍ਰਿਤਿਕ ਅਨੁਭਵਾਂ ਦੀ ਅਭਿਵਿਅਕਤੀ ਕਰਦੇ ਹਨ। ਵਣਜਾਰਾ ਬੇਦੀ ਲਿਖਦੇ ਹਨ:

*ਬਿਰਤਾਂਤ ਨੂੰ ਸੁਭਾਵ ਦੇ ਪੱਖੋਂ ਤਿੰਨ ਪ੍ਰਮੁੱਖ ਵਰਗਾਂ ਵਿੱਚ ਵੰਡਿਆ ਜਾਂਦਾ ਹੈ—ਮਿੱਥ, ਦੰਤ-ਕਥਾ ਅਤੇ ਕਹਾਣੀ।...ਬੁਨਿਆਦੀ ਅੰਤਰ ਇਨ੍ਹਾਂ ਤਿੰਨਾਂ ਦੀ ਪ੍ਰਵਿਰਤੀ ਵਿੱਚ ਹੈ। ਮਿੱਥ ਹਮੇਸ਼ਾ ਵਿਸ਼ਵਾਸ ਉੱਪਰ ਆਧਾਰਤ ਦੇਵੀ-ਦੇਵਤਿਆਂ ਜਾਂ ਪੌਰਾਣਿਕ ਪਾਤਰਾਂ ਨਾਲ ਸੰਬੰਧਿਤ ਪੂਰਵ-ਇਤਿਹਾਸਕ ਕਾਲ ਵਿੱਚ ਵਾਪਰੀ ਕੋਈ ਘਟਨਾ ਜਾਂ ਬਿਰਤਾਂਤ ਹੈ। ਦੰਤ-ਕਥਾ ਇਤਿਹਾਸਕ ਤੱਥ ਉੱਪਰ ਆਧਾਰਿਤ ਕਿਸੇ ਇਤਿਹਾਸਕ ਵਿਅਕਤੀ, ਘਟਨਾ ਜਾਂ ਸਥਿਤੀ ਨਾਲ ਸੰਬੰਧਿਤ ਪਰੰਪਰਾਗਤ ਬਿਰਤਾਂਤ ਹੈ ਜਿਸ ਵਿੱਚ ਤੱਥ ਅਤੇ ਮਿੱਥ ਦਾ ਸੁਮੇਲ*

*ਹੁੰਦਾ ਹੈ ਅਥਵਾ ਇਸਦਾ ਬਿਰਤਾਂਤ ਇਤਿਹਾਸ ਦਾ ਵਿਕ੍ਰਿਤ ਰੂਪ ਹੈ। ਤੀਜੇ ਵਰਗ ਦੀ ਕਹਾਣੀ ਨਿਰੋਲ ਕਲਪਨਾ ਉੱਤੇ ਆਧਾਰਿਤ ਪਰੰਪਰਾਗਤ ਬਿਰਤਾਂਤ ਹੈ। ਇਸਦੇ ਪਾਤਰ ਤੇ ਘਟਨਾ ਸਭ ਕਲਪਿਤ ਹੁੰਦੇ ਹਨ।*(5)

ਇਨ੍ਹਾਂ ਸਾਰੇ ਵਿਚਾਰਾਂ ਦੇ ਪ੍ਰਸੰਗ ਵਿੱਚ ਇਹ ਗੱਲ ਵਿਸ਼ੇਸ਼ ਤੌਰ ‘ਤੇ ਉਲੇਖਣਯੋਗ ਹੈ ਕਿ ਮਿੱਥ, ਦੰਤ-ਕਥਾ ਅਤੇ ਲੋਕ ਕਹਾਣੀ ਦੇ ਤੱਤਾਂ ਦੇ ਸੁਮੇਲ ਰਾਹੀਂ ਹੀ ਕਈ ਲੋਕ-ਬਿਰਤਾਂਤ ਆਪਣੇ ਵਿਸ਼ਾਲ ਅਤੇ ਬਹੁ-ਪਰਤੀ ਸਰੂਪ ਵਿੱਚ ਉੱਭਰਦੇ ਹਨ। ਇਸ ਸੰਯੁਕਤ ਰੂਪ ਦੀ ਪ੍ਰਤੀਕਾਤਮਕ ਅਭਿਵਿਅਕਤੀ ਵਜੋਂ ‘ਰਾਜਾ ਰਸਾਲੂ’ ਦਾ ਬਿਰਤਾਂਤ ਪ੍ਰਮੁੱਖ ਤੌਰ ‘ਤੇ ਸਾਹਮਣੇ ਆਉਂਦਾ ਹੈ ਜੋ ਇਨ੍ਹਾਂ ਤਿੰਨਾਂ ਬਿਰਤਾਂਤਕ ਰੂਪਾਂ ਦੇ ਗੁਣਾਂ ਨੂੰ ਆਪਣੇ ਅੰਦਰ ਸਮੇਟਦਾ ਹੈ। ਇਸ ਵਿੱਚ ਮਿਥਿਕ ਅਦਭੁਤਤਾ, ਦੰਤ-ਕਥਾਤਮਕ ਇਤਿਹਾਸਿਕਤਾ ਅਤੇ ਲੋਕ ਕਹਾਣੀ ਦੀ ਕਲਪਨਾਤਮਕ ਵਿਸ਼ਾਲਤਾ ਅਸਲ ਵਿੱਚ ਪ੍ਰਗਟ ਹੁੰਦੀ ਹੈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਲੋਕ ਕਥਾਵਾਂ ਦੀ ਵਰਗ ਵੰਡ ਦੇ ਪੱਖੋਂ ਰਾਜਾ ਰਸਾਲੂ ਦੀ ਕਥਾ, ਦੰਤ-ਕਥਾਵਾਂ ਦੀ ਵਣਗੀ ਵਿਚ ਆਉਂਦੀ ਹੈ ਪਰ ਇਸਦੇ ਨਾਲ ਹੀ ਇਹ ਇਕੋ ਵੇਲੇ ਨਾ ਸਿਰਫ਼ ਲੋਕ ਸਾਹਿਤ ਦੇ ਲੋਕ-ਵਾਰਤਕ ਰੂਪ ਰਾਹੀਂ ਸੁਣਿਆ ਅਤੇ ਸੁਣਾਇਆ ਜਾਂਦਾ ਰਿਹਾ ਹੈ ਸਗੋਂ ਲੋਕ-ਕਾਵਿ ਰੂਪ ਦੇ ਅੰਤਰਗਤ ਲੋਕ ਗਾਥਾ ਦੇ ਮਾਧਿਅਮ ਰਾਹੀਂ ਗਾਥਾਕਾਰਾਂ, ਢਾਡੀਆਂ ਆਦਿ ਦੁਆਰਾ ਗਇਆ ਵੀ ਜਾਂਦਾ ਰਿਹਾ। ਰਾਜਾ ਰਸਾਲੂ ਬਾਰੇ ਸੰਕਲਿਤ ਕਥਾਵਾਂ ਬਾਰੇ ਵਣਜਾਰਾ ਬੇਦੀ ਜਿਕਰ ਕਰਦੇ ਹਨ ਕਿ ਇਹ ਸਾਰੀਆਂ ਕਥਾਵਾਂ ਕਿਸੇ ਇੱਕ ਵਿਅਕਤੀ ਤੋਂ ਇਕੱਠੀਆਂ ਹੋਣੀਆਂ ਸੰਭਵ ਨਹੀਂ। ਇਹ ਕਥਾਵਾਂ ਉਸਦੀ ਨਾਨਕੀ ਦਾਦਕੀ ਤੇ ਸਹੁਰੀ ਕਥਾ ਪਰੰਪਰਾ ਦੀਆਂ ਹਨ। ਇਨ੍ਹਾਂ ਵਿੱਚੋਂ ਕੁਝ ਕਥਾਵਾਂ ਉਸਨੇ ਰਾਵਲਪਿੰਡੀ ਆਪਣੇ ਨਾਨਾ ਜੀ ਤੋਂ ਸੁਣੀਆਂ ਸਨ। ਸੋ ਇਹ ਲੋਕ ਕਥਾਵਾਂ ਮੌਖਿਕ ਰੂਪ ਵਿੱਚ ਪੀੜ੍ਹੀ ਦਰ ਪੀੜ੍ਹੀ ਅੱਗੇ ਵੱਧਦੀਆਂ ਗਈਆਂ ਅਤੇ ਸਮਾਜ ਨੂੰ ਚੰਗੀ ਸੇਧ ਦਿੰਦੀਆਂ ਰਹੀਆਂ ਹਨ।

ਭਾਰਤੀ ਪਰੰਪਰਾ ਵਿੱਚ ਨੈਤਿਕ, ਸਮਾਜਿਕ ਅਤੇ ਅਧਿਆਤਮਿਕ ਮੁੱਲਾਂ ਦਾ ਵਿਸ਼ੇਸ਼ ਮਹੱਤਵ ਹੈ। ਇਨ੍ਹਾਂ ਮੁੱਲਾਂ ਦੇ ਜਰੀਏ ਮਨੁੱਖ ਦੇ ਜੀਵਨ-ਦ੍ਰਿਸ਼ਟੀਕੋਣ ਨੂੰ ਉੱਚਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਨੈਤਿਕ ਮੁੱਲ (ਸੱਚ, ਅਹਿੰਸਾ, ਦਇਆ, ਪਰਉਪਕਾਰ), ਸਮਾਜਿਕ ਮੁੱਲ (ਸਹਿਯੋਗ, ਸਾਂਝੇਦਾਰੀ, ਪਰਿਵਾਰ ਅਤੇ ਸਮਾਜਕ ਭਾਵਨਾ) ਅਤੇ ਅਧਿਆਤਮਿਕ ਮੁੱਲ (ਆਤਮ-ਗਿਆਨ, ਭਗਤੀ, ਮੋਖ) ਆਦਿ ਸ਼ਾਮਲ ਹਨ। ਇਨ੍ਹਾਂ ਨੈਤਿਕ ਕਦਰਾਂ-ਕੀਮਤਾਂ ਨੇ ਮਨੁੱਖ ਨੂੰ ਚਰਿਤਰਵਾਨ ਬਣਾਇਆ ਹੈ ਅਤੇ ਸਮਾਜ ਨੂੰ ਇੱਕਜੁੱਟ ਕਰਕੇ ਭਾਰਤੀ ਸੱਭਿਆਚਾਰ ਦੀਆਂ ਜੜ੍ਹਾਂ ਨੂੰ ਮਜ਼ਬੂਤ ਕੀਤਾ ਹੈ। ਇਹ ਮੁੱਲ ਸਿਰਫ਼ ਸਿਧਾਂਤਕ ਪੱਧਰ ਤੱਕ ਸੀਮਿਤ ਨਹੀਂ ਰਹਿੰਦੇ, ਸਗੋਂ ਲੋਕ-ਬਿਰਤਾਂਤਾਂ ਅਤੇ ਲੋਕ-ਨਾਇਕਾਂ ਦੇ ਕਿਰਦਾਰਾਂ ਰਾਹੀਂ ਜੀਵੰਤ ਰੂਪ ਵਿੱਚ ਅਭਿਵਿਅਕਤ ਹੁੰਦੇ ਹਨ। ਇਸ ਸੰਦਰਭ ਵਿੱਚ ਰਸਾਲੂ ਦਾ ਕਿਰਦਾਰ ਸਿਰਫ਼ ਇੱਕ ਲੋਕ-ਬੀਰ ਹੀ ਨਹੀਂ, ਸਗੋਂ ਭਾਰਤੀ ਪਰੰਪਰਾ ਦੇ ਆਦਰਸ਼ ਨਾਇਕ ਦੇ ਪ੍ਰਤੀਕ ਵਜੋਂ ਸਾਹਮਣੇ ਆਉਂਦਾ ਹੈ, ਜੋ ਧਰਮ, ਨਿਆਂ ਅਤੇ ਆਦਰਸ਼ ਜੀਵਨ ਮੁੱਲਾਂ ਦੀ ਪਾਲਣਾ ਕਰਦਾ ਹੈ। ਰਾਜਾ ਰਸਾਲੂ ਦੀਆਂ ਕਥਾਵਾਂ ਵਿੱਚ “ਧਰਮ” ਇੱਕ ਕੇਂਦਰੀ ਧਾਰਣਾ ਵਜੋਂ ਉਭਰਦਾ ਹੈ, ਜਿੱਥੇ ਉਹ ਹਰ ਸਥਿਤੀ ਵਿੱਚ ਸੱਚ ਅਤੇ ਨਿਆਂ ਦਾ ਪੱਖ ਪੂਰਦਾ ਹੈ। ਇਹ ਰੁਝਾਨ ਭਾਰਤੀ ਧਾਰਮਿਕ-ਨੈਤਿਕ ਪਰੰਪਰਾ ਨਾਲ ਗਹਿਰੇ ਤੌਰ ‘ਤੇ ਸੰਬੰਧਿਤ ਹੈ, ਜਿੱਥੇ ਧਰਮ ਨੂੰ ਸਿਰਫ਼ ਧਾਰਮਿਕ ਕਰਮਕਾਂਡ ਨਹੀਂ, ਸਗੋਂ ਸਹੀ ਕਰਮ ਅਤੇ ਨੈਤਿਕ ਜ਼ਿੰਮੇਵਾਰੀ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ। ਅਧਿਆਤਮ ਦੇ ਮਾਰਗ ਵਿੱਚ *ਪੰਚਵਿਕਾਰਾਂ* ਨੂੰ ਸਭ ਤੋਂ ਵੱਡੀ ਰੁਕਾਵਟ ਮੰਨਿਆ ਗਿਆ ਹੈ। ਭਾਰਤੀ ਦਰਸ਼ਨ ਅਨੁਸਾਰ ਇਹ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਹਨ। ਧਰਮ ਦੀ ਨੈਤਿਕਤਾ ਹੀ ਇਨ੍ਹਾਂ ਵਿਕਾਰਾਂ ਤੋਂ ਮਨੁੱਖ ਨੂੰ ਨਿਜ਼ਾਤ ਦਵਾਉਂਦੀ ਹੈ। *ਬਾਣੀ ਸੰਸਾਰ* ਪੁਸਤਕ ਵਿੱਚ ਡਾ. ਜਗਬੀਰ ਸਿੰਘ ਧਰਮ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ:

*ਧਰਮ ਦੀ ਵਿਲੱਖਣਤਾ ਇਸਦੇ ਵਿਸ਼ੇਸ਼ ਭਾਂਤ ਦੇ ਪ੍ਰਤੀਕ-ਵਿਧਾਨ ਅਪਨਾਣ ਵਿੱਚ ਹੈ। ਇਹ ਮਿਥ ਅਤੇ ਰਿਚੁਅਲ ਦੀ ਪੱਧਰ ‘ਤੇ ਯਥਾਰਥ ਨੂੰ ਗ੍ਰਹਿਣ ਕਰਦਾ ਹੈ ਅਤੇ ਉਸ ਗ੍ਰਹਿਣ ਕੀਤੇ ਵਿਸ਼ੇਸ਼ ਭਾਂਤ ਦੇ ਗਿਆਨ ਦੀ ਰੌਸ਼ਨੀ ਵਿੱਚ ਉਸ ਨਾਲ ਭਾਵਨਾ ਅਤੇ ਵਿਵਹਾਰ ਦਾ ਵੱਖਰੀ ਭਾਂਤ ਦਾ ਰਿਸ਼ਤਾ ਕਾਇਮ ਕਰਦਾ ਹੈ। ਇਹ ਵੱਖਰੀ ਭਾਂਤ ਦਾ ਗਿਆਨ ਇਸ ਲਈ ਹੈ, ਕਿਉਂਕਿ ਇਸ ਦਾ ਦਰਜਾ ਵਿਗਿਆਨ ਦੇ ਤੱਥ-ਗਿਆਨ ਜਾਂ ਦਰਸ਼ਨ ਦੇ ਤਰਕ-ਗਿਆਨ ਦਾ ਨਹੀਂ, ਸਗੋਂ ਮੁੱਲ-ਗਿਆਨ ਹੈ।*(6)

ਗਿਆਨ ਪ੍ਰਾਪਤੀ ਅਤੇ ਗਿਆਨ ਨੂੰ ਵਿਹਾਰਕ ਜੀਵਨ ਵਿੱਚ ਢਾਲਣਾ ਪ੍ਰਾਚੀਨ ਕਾਲ ਤੋਂ ਹੀ ਭਾਰਤ ਵਾਸੀਆਂ, ਭਾਰਤੀ ਰਿਸ਼ੀਆਂ-ਮੁਨੀਆਂ ਤੇ ਵੱਖ ਵੱਖ ਸਾਧਨਾ ਮਾਰਗੀਆਂ ਦਾ ਜੀਵਨ ਉਦੇਸ਼ ਰਿਹਾ ਹੈ। ਭਾਰਤੀ ਸਾਹਿਤ ਸੰਨਿਆਸੀਆਂ ਤੇ ਤਪੱਸਵੀਆਂ ਦੇ ਜੀਵਨ ਪ੍ਰਸੰਗਾਂ ਨਾਲ ਭਰਿਆ ਪਿਆ ਹੈ। ਇਸ ਸੰਦਰਭ ਵਿੱਚ ਗੁਰਨਾਮ ਕੌਰ ਬੇਦੀ ਆਪਣੀ ਪੁਸਤਕ *‘ਗੁਰਮਤਿ ਸੰਕਲਪ’* ਵਿੱਚ ਤਪ-ਸਾਧਨਾ ਦੀ ਪ੍ਰਾਚੀਨਤਾ ਅਤੇ ਭਾਰਤੀ ਸਾਹਿਤਕ ਪਰੰਪਰਾ ਵਿੱਚ ਇਸ ਦੇ ਮਿਲਦੇ ਉਲੇਖਾਂ ਨੂੰ ਇਸ ਤਰ੍ਹਾਂ ਪ੍ਰਸਤੁਤ ਕਰਦੀ ਹੈ “ਰਿਗਵੇਦ ਵਿੱਚ ‘ਦੀਖਸ਼ਾ ਵਿਧੀਆਂ’ ਦਾ ਵਰਣਨ ਹੈ। ਤਪਾਂ ਦੇ ਸੰਕਲਪ ਨਾਲ ਇੰਦ੍ਰੀਆਂ ਨੂੰ ਵਸ ਵਿੱਚ ਕਰਨਾ ਇਨ੍ਹਾਂ ਵਿਧੀਆਂ ਦਾ ਮੂਲ ਵਿਸ਼ਾ ਹੈ। ਉਪਨਿਸ਼ਦਾਂ ਨੇ ਇਕਾਗਰ ਹੋ ਕੇ ਧਿਆਨ ਲਾਉਣ ਅਤੇ ਬ੍ਰਹਮਚਰਯ ਨੂੰ ਬ੍ਰਹਮ ਵਿਦਿਆ ਦੀ ਪ੍ਰਾਪਤੀ ਲਈ ਜਰੂਰੀ ਮੰਨਿਆ ਹੈ।..*ਸਿਮ੍ਰਤੀਆਂ ਵਿੱਚ ਤਪੱਸਵੀ ਜੀਵਨ ਦੇ ਨੇਮਾਂ ਦੀ ਚਰਚਾ ਕਰਦਿਆਂ ਜੀਵਨ ਨੂੰ ਚਾਰ ਆਸ਼ਰਮਾਂ ਬ੍ਰਹਮਚਰਯ, ਗ੍ਰਹਿਸਥ, ਸੰਨਿਆਸ ਤੇ ਬਾਨਪ੍ਰਸਥ ਵਿੱਚ ਵੰਡਿਆ ਗਿਆ ਹੈ..ਉਪਨਿਸ਼ਦਕ ਕਾਲ ਪਿੱਛੋਂ ਬੁੱਧ ਮਤ ਨੇ ਵੀ ਤਪ ਤੇ ਤਿਆਗ ‘ਤੇ ਜ਼ੋਰ ਦਿੱਤਾ। ਬੁੱਧ ਮਤ ਪਿੱਛੋਂ ਧਾਰਮਿਕ ਰਹਿਨੁਮਾਈ ਸਿੱਧਾਂ ਨਾਥਾਂ ਦੇ ਹੱਥ ਵਿੱਚ ਆ ਗਈ।”*(7) ਇਸੇ ਆਧਿਆਤਮਿਕ ਅਤੇ ਸਾਧਨਾਤਮਕ ਪਰੰਪਰਾ ਦੇ ਪ੍ਰਵਾਹ ਵਿੱਚੋਂ ਪੂਰਨ ਭਗਤ ਵਰਗੇ ਜੋਗੀ ਉਭਰਦੇ ਹਨ ਅਤੇ ਰਾਜਾ ਰਸਾਲੂ ਵਰਗੇ ਨਾਇਕ ਜੰਮਦੇ ਹਨ, ਜਿਨ੍ਹਾਂ ਦੇ ਕਿਰਦਾਰ ਵਿੱਚ ਤਿਆਗ, ਸੰਜਮ ਅਤੇ ਇੰਦ੍ਰੀਆਂ ‘ਤੇ ਕਾਬੂ ਪਾਉਣ ਦੀ ਪ੍ਰਵਿਰਤੀ ਸਪਸ਼ਟ ਰੂਪ ਵਿੱਚ ਪ੍ਰਤੀਤ ਹੁੰਦੀ ਹੈ। ਸੋ, ਭਾਰਤੀ ਮੂਲ ਦੀਆਂ ਦੰਤ-ਕਥਾਵਾਂ ਵਿੱਚ ਵੀ ਤਿਆਗ ਪ੍ਰਵਿਰਤੀ ਹਮੇਸ਼ਾਂ ਤੋਂ ਹੀ ਲੋਕਮਨ ਉੱਪਰ ਹਾਵੀ ਰਹੀ ਹੈ । ਰਾਜੇ ਸਲਵਾਨ ਦੇ ਪੁੱਤਰ ਪੂਰਨ ਭਗਤ ਨੂੰ ਮਤਰੇਈ ਮਾਂ ਲੂਣਾ ਵੱਲੋਂ ਲਾਈ ਤਹੁਮਤ ਕਾਰਨ ਰਾਜੇ ਸਲਵਾਹਨ ਦੇ ਹੁਕਮ ਸਦਕਾ ਵੱਢ ਕੇ ਖੂਹ ਵਿੱਚ ਸੁੱਟਵਾ ਦਿੱਤਾ ਜਾਂਦਾ ਹੈ। ਉਹ ਆਪਣੀ ਤਪ ਸਾਧਨਾ ਅਤੇ ਤਿਆਗ ਸਦਕਾ ਗੋਰਖ ਦੇ ਚੇਲੇ ਪੂਰਨ ਨਾਥ ਜੋਗੀ ਵਜੋਂ ਲੋਕਮਨ ਵਿੱਚ ਆਪਣੀ ਥਾਂ ਬਣਾਉਂਦਾ ਹੈ। ਭਾਰਤੀ ਮੂਲ ਦੀ ਤਿਆਗ ਬਿਰਤੀ ਕਥਾ ਰਾਜਾ ਰਸਾਲੂ ਵਿੱਚ ਇਉਂ ਪੇਸ਼ ਹੁੰਦੀ ਹੈ:

*ਬਾਰਾਂ ਵਰਿਆਂ ਤਕ ਪੂਰਨ ਨੇ ਘੋਰ ਤਪਸਿਆ ਕੀਤੀ। ਪੂਰਨ ਵਿੱਚ ਸਤਿ ਦੀ ਸ਼ਕਤੀ ਤਾਂ ਪਹਿਲੋਂ ਹੀ ਮੌਜੂਦ ਸੀ, ਹੁਣ ਤਪਾਂ ਦੁਆਰਾ ਇਲਾਹੀ ਕਣੀ ਵੀ ਆ ਗਈ । ਉਹਦਾ ਨਾਂ ਚਾਰ ਚੁਫੇਰੇ ਗੱਜਣ ਲੱਗਾ।*(8)

ਇਸੇ ਤਰ੍ਹਾਂ ਭਗਤ ਪ੍ਰਹਲਾਦ ਦੀ ਕਥਾ ਦਾ ਮੂਲ ਪੁਰਾਣਕ ਕਥਾਵਾਂ ਨਾਲ ਜੁੜਦਾ ਹੈ। ਪ੍ਰਹਲਾਦ ਦਾ ਪਿਤਾ ਹਰਨਾਕਸ਼ ਇੱਕ ਰਾਖਸ਼ ਰਾਜਾ ਸੀ ਜੋ ਬ੍ਰਹਮਾ ਤੋਂ ਮਿਲੇ ਅਮਰਪਦ ਦੇ ਵਰਦਾਨ ਸਦਕਾ ਹੰਕਾਰੀ ਹੋ ਗਿਆ ਤੇ ਪਰਜਾ ਤੋਂ ਆਪਣਾ ਹੀ ਨਾਮ ਜਪਾਉਣ ਲੱਗਾ। ਪ੍ਰਹਲਾਦ ਨੇ ਉਸਦੇ ਹੰਕਾਰ ਅਤੇ ਜ਼ੁਲਮ ਦੇ ਪ੍ਰਤੀਰੋਧ ਵਜੋਂ ਨਾਰਾਇਣ ਦਾ ਨਾਮ ਜਪਦੇ ਹੋਏ ਸਿਦਕ ਨਾਲ ਹੰਕਾਰ ਤੋੜਿਆ। ਪ੍ਰਹਲਾਦ ਤਪ, ਤਿਆਗ ਅਤੇ ਸਿਦਕ ਦੇ ਪ੍ਰਤੀਕ ਵਜੋਂ ਲੋਕਮਨਾਂ 'ਤੇ ਰਾਜ ਕਰਦਾ ਹੈ। ਗੁਰਬਾਣੀ ਵਿੱਚ ਵੀ ਪ੍ਰਹਲਾਦ ਨੂੰ ਸੱਚੇ ਸਾਧਕ ਵਜੋਂ ਦਰਸਾਇਆ ਗਿਆ ਹੈ:

*ਰਾਮ ਜਪਉ ਜੀਅ ਐਸੇ ਐਸੇ ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥*(9)

ਇਸੇ ਤਰ੍ਹਾਂ ਉਜੈਨ ਦਾ ਰਾਜਾ ਭਰਥਰੀ ਹਰੀ ਆਪਣੀ ਪਤਨੀ ਪਿੰਗਲ ਵੱਲੋਂ ਮਿਲੇ ਧੋਖੇ ਕਾਰਨ ਰਾਜ ਭਾਗ ਆਪਣੇ ਭਰਾ ਵਿਕਰਮਾਦਿੱਤ ਨੂੰ ਸੌਂਪ ਕੇ ਗੋਰਖ ਨਾਥ ਦਾ ਚੇਲਾ ਬਣ ਜਾਂਦਾ ਹੈ ਅਤੇ ਤਪ ਸਾਧਨਾ ਦੇ ਪ੍ਰਤੀਕ ਸਦਕਾ ਲੋਕ ਮਨ ਵਿੱਚ ਵੱਸ ਜਾਂਦਾ ਹੈ। ਲੋਕ ਬੀਰ ਰਾਜਾ ਰਸਾਲੂ ਦੀ ਜੇਕਰ ਗੱਲ ਕਰੀਏ ਤਾਂ ਇਸ ਸੰਬੰਧੀ ਸਾਨੂੰ ਕਈ ਪ੍ਰਸੰਗ ਅਜਿਹੇ ਮਿਲਦੇ ਹਨ ਜਿਵੇਂ ਉਸ ਨੂੰ ਵੀ ਜੰਮਦਿਆਂ ਹੀ ਜੋਤਸ਼ੀਆਂ ਦੇ ਕਹਿਣ 'ਤੇ ਬਾਰਾਂ ਵਰਿਆਂ ਲਈ ਭੌਰੇ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ ਤਪ ਸਾਧਨਾ ਨਾਲ ਉਸ ਵਿੱਚ ਅਲੌਕਿਕ ਸ਼ਕਤੀਆਂ ਦਾ ਵਾਸ ਹੋ ਜਾਂਦਾ ਹੈ। ਇਨ੍ਹਾਂ ਪ੍ਰਸੰਗਾਂ ਵਿੱਚ ਉਹ ਤਪ ਸਾਧਨਾ ਸਦਕਾ ਲੋਕ ਅਵਚੇਤਨ ਵਿੱਚ ਆਪਣੀ ਬਣਦੀ ਥਾਂ ਘੇਰ ਲੈਂਦਾ ਹੈ।

ਭਾਰਤੀ ਲੋਕ ਕਥਾਵਾਂ ਵਿੱਚ ਪਰਿਵਾਰਕ ਮੁੱਲ ਕੇਂਦਰੀ ਅਹਿਮੀਅਤ ਰੱਖਦੇ ਹਨ, ਜਿੱਥੇ ਮਾਤਾ-ਪਿਤਾ ਅਤੇ ਵੱਡਿਆਂ ਦੀ ਇੱਜ਼ਤ ਨੂੰ ਨੈਤਿਕਤਾ ਅਤੇ ਸਮਾਜਿਕ ਢਾਂਚੇ ਦੀ ਮੂਲ ਧੁਰੀ ਮੰਨਿਆ ਜਾਂਦਾ ਹੈ। ਇਹ ਲੋਕ ਕਥਾਵਾਂ ਸਾਡੀ ਸੰਪੰਨ ਲੋਕ-ਵਿਰਾਸਤ ਦਾ ਅਟੁੱਟ ਅੰਗ ਰਹੀਆਂ ਹਨ, ਜਿਨ੍ਹਾਂ ਨੇ ਸਮਾਜ ਨੂੰ ਸੰਸਕਾਰ, ਰੀਤੀ-ਰਿਵਾਜ, ਟੋਟਮ ਅਤੇ ਟੈਬੂ ਵਰਗੀਆਂ ਸੰਸਕ੍ਰਿਤਿਕ ਧਾਰਣਾਵਾਂ ਪ੍ਰਦਾਨ ਕਰਦਿਆਂ ਉਸਦੀ ਸਾਂਸਕ੍ਰਿਤਿਕ ਪਹਿਚਾਣ ਅਤੇ ਸਮਾਜਿਕ ਬਣਤਰ ਨੂੰ ਮਜ਼ਬੂਤ ਕੀਤਾ ਹੈ। ਇਸ ਪ੍ਰਸੰਗ ਵਿੱਚ ਰਾਜਾ ਰਸਾਲੂ ਦੀ ਲੋਕ ਕਥਾ ਵਿਸ਼ੇਸ਼ ਮਹੱਤਵ ਰੱਖਦੀ ਹੈ, ਜੋ ਭਾਰਤੀ ਪਰੰਪਰਾ ਦੇ ਪਰਿਵਾਰਕ ਅਤੇ ਨੈਤਿਕ ਆਦਰਸ਼ਾਂ ਨੂੰ ਪ੍ਰਤੀਕਾਤਮਕ ਢੰਗ ਨਾਲ ਪ੍ਰਗਟਾਉਂਦੀ ਹੈ। ਰਸਾਲੂ ਵੀਰਤਾ, ਧਾਰਮਿਕਤਾ ਅਤੇ ਨਿਆਂਪ੍ਰੀਤਾ ਦੇ ਗੁਣਾਂ ਨਾਲ ਸੰਪੰਨ ਹੈ, ਨਾਲ ਹੀ ਉਹ ਵੱਡਿਆਂ ਪ੍ਰਤੀ ਆਦਰ ਅਤੇ ਪਰਿਵਾਰਕ ਸੰਬੰਧਾਂ ਦੀ ਪਾਲਣਾ ਨੂੰ ਵੀ ਉੱਚ ਦਰਜੇ 'ਤੇ ਰੱਖਦਾ ਹੈ। ਖਾਸ ਤੌਰ 'ਤੇ ਦੇਸ਼ ਨਿਕਾਲੇ ਵਾਲਾ ਪ੍ਰਸੰਗ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਸੰਕਟਮਈ ਸਥਿਤੀਆਂ ਵਿੱਚ ਵੀ ਉਸਦਾ ਚਰਿੱਤਰ ਸੰਸਕਾਰਿਕ ਮੁੱਲਾਂ ਨਾਲ ਜੁੜਿਆ ਰਹਿੰਦਾ ਹੈ। ਇਸ ਸਥਿਤੀ ਵਿੱਚ ਰਸਾਲੂ ਆਪਣੇ ਪਿਤਾ ਦੇ ਫ਼ੈਸਲੇ ਦਾ ਵਿਰੋਧ ਨਹੀਂ ਕਰਦਾ, ਬਲਕਿ ਨਿਮਰਤਾ ਨਾਲ ਉਨ੍ਹਾਂ ਨੂੰ ਪ੍ਰਣਾਮ ਕਰਦਾ ਹੈ ਅਤੇ ਆਗਿਆ ਦਾ ਪਾਲਣ ਕਰਦਾ ਹੈ:

*ਬਗਾਵਤ ਫੈਲ ਜਾਣ ਦੇ ਡਰ ਤੋਂ ਰਾਜ ਸਲਵਾਨ ਕੁਝ ਘਬਰਾ ਗਿਆ। ਉਸ ਨੇ ਦਿਲ ਪੱਕਾ ਕਰ ਕੇ ਰਸਾਲੂ ਨੂੰ ਦੇਸ-ਨਿਕਾਲਾ ਦੇਣ ਦਾ ਫ਼ੈਸਲਾ ਕਰ ਲਿਆ। ਅਗਲੇ ਦਿਨ ਰਸਾਲੂ ਸ਼ਾਹੀ ਪੁਸ਼ਾਕ ਪਹਿਨ ਕੇ ਦਰਬਾਰ ਵਿੱਚ ਹਾਜ਼ਰ ਹੋਇਆ।..ਸਲਵਾਨ ਨੇ ਇੱਕ ਨਜ਼ਰ ਭਰ ਕੇ ਰਸਾਲੂ ਵਲ ਵੇਖਿਆ ਤੇ ਫਿਰ ਮੂੰਹ ਦੂਜੇ ਪਾਸੇ ਵਲ ਕਰ ਲਿਆ।..ਰਸਾਲੂ ਨੇ ਸਲਵਾਨ ਦੇ ਸਾਹਮਣੇ ਹਾਜ਼ਰ ਹੋ ਕੇ ਬੜੇ ਆਦਰ ਨਾਲ ਪ੍ਰਨਾਮ ਕੀਤਾ। ਸਲਵਾਨ ਨੇ ਪ੍ਰਨਾਮ ਦੇ ਜਵਾਬ ਵਿੱਚ ਦਿਲ ਪੱਕਾ ਕਰਦੇ ਹੋਏ ਕਿਹਾ...ਤੇਰੇ ਜਿਹਾ ਨਾਲਾਇਕ ਪੁੱਤਰ ਨਾ ਜੰਮਦਾ ਤਾਂ ਚੰਗਾ ਸੀ। ਤੂੰ ਜਿੱਥੇ ਜੀਅ ਕਰੇ ਚਲਾ ਜਾਹ ਪਰ ਮੁੜ ਮੈਨੂੰ ਮੂੰਹ ਨਾ ਵਿਖਾਈਂ।..ਸੋ ਤੈਨੂੰ ਇੱਕ ਵਰ੍ਹੇ ਲਈ ਦੇਸ਼-ਨਿਕਾਲਾ ਦਿੱਤਾ ਜਾਂਦਾ ਹੈ। ਰਸਾਲੂ ਪਿਓ ਨੂੰ ਪ੍ਰਨਾਮ ਕਰਕੇ ਚੁੱਪਚਾਪ ਦਰਬਾਰ ਵਿੱਚੋਂ ਬਾਹਰ ਨਿਕਲ ਗਿਆ।*(10)

ਇਹ ਵਰਤਾਓ ਭਾਰਤੀ ਸੰਸਕ੍ਰਿਤਿਕ ਪਰੰਪਰਾ ਵਿੱਚ ਵੱਡਿਆਂ ਪ੍ਰਤੀ ਆਗਿਆਕਾਰਤਾ ਦੇ ਮੂਲ ਸਿਧਾਂਤਾਂ ਨੂੰ ਉਜਾਗਰ ਕਰਦਾ ਹੈ। ਇੱਥੇ ਨੈਤਿਕਤਾ ਕੇਵਲ ਸਹਿਜ ਜਾਂ ਸੁਵਿਧਾਜਨਕ ਪਰੀਸਥਿਤੀਆਂ ਤੱਕ ਸੀਮਿਤ ਨਹੀਂ, ਬਲਕਿ ਸੰਕਟਮਈ ਅਤੇ ਪ੍ਰਤੀਕੂਲ ਹਲਾਤਾਂ ਵਿੱਚ ਵੀ ਅਡਿੱਗ ਅਤੇ ਅਟੁੱਟ ਬਣਾਈ ਰੱਖਣ ਦੀ ਪ੍ਰੇਰਣਾ ਦਿੰਦੀ ਹੈ।

ਭਾਰਤੀ ਗਿਆਨ-ਪਰੰਪਰਾ ਵਿੱਚ 'ਸਬਰ-ਸੰਤੋਖ' (ਧੀਰਜ ਅਤੇ ਸੰਤੁਸ਼ਟੀ) ਨੂੰ ਉੱਚ ਨੈਤਿਕ ਗੁਣਾਂ ਵਜੋਂ ਮੰਨਿਆ ਗਿਆ ਹੈ, ਜਿਸ ਦੇ ਪ੍ਰਮੁੱਖ ਉਦਾਹਰਨ ਧਾਰਮਿਕ-ਦਾਰਸ਼ਨਿਕ ਗ੍ਰੰਥਾਂ ਵਿੱਚ ਭਰਪੂਰ ਮਾਤਰਾ ਵਿੱਚ ਮਿਲਦੇ ਹਨ। ਭਗਵਦ ਗੀਤਾ ਦੇ ਅਧਿਆਇ 2 ਦੇ ਸ਼ਲੋਕ 38 ਵਿੱਚ ਸ਼੍ਰੀ ਕ੍ਰਿਸ਼ਨ ਅਰਜੁਨ ਨੂੰ ਸੁਖ-ਦੁੱਖ, ਲਾਭ-ਹਾਨੀ ਅਤੇ ਜਿੱਤ-ਹਾਰ ਵਿੱਚ ਸਮਤਾ ਬਣਾਈ ਰੱਖਣ ਦਾ ਉਪਦੇਸ਼ ਦਿੰਦੇ ਹਨ। ਇਹ ਸਮਤਾਵਾਦੀ ਦ੍ਰਿਸ਼ਟੀਕੋਣ ਸਬਰ (ਧੀਰਜ) ਦੇ ਮੂਲ ਸਿਧਾਂਤ ਨੂੰ ਪ੍ਰਤਿਪਾਦਿਤ ਕਰਦਾ ਹੈ, ਜੋ ਮਨੁੱਖ ਨੂੰ ਹਰ ਪ੍ਰਕਾਰ ਦੀ ਪਰੀਸਥਿਤੀ ਵਿੱਚ ਅਡਿੱਗ ਅਤੇ ਸੰਤੁਲਿਤ ਰਹਿਣ ਲਈ ਪ੍ਰੇਰਿਤ ਕਰਦਾ ਹੈ:

*सुखदुःखे समे कृत्वा लाभालाभौ जयाजयौ ।*
*ततो युद्धाय युज्यस्व नैवं पापमवाप्स्यसि । ।2.38।।*(11)

ਇਸੇ ਤਰ੍ਹਾਂ ਰਾਮਾਇਣ ਵਿੱਚ ਭਗਵਾਨ ਰਾਮ ਵੱਲੋਂ ਬਨਵਾਸ ਦੇ ਦੌਰਾਨ ਵਿਖਾਇਆ ਗਿਆ ਧੀਰਜ ਅਤੇ ਸਹਿਨਸ਼ੀਲਤਾ, ਅਤੇ ਮਹਾਭਾਰਤ ਵਿੱਚ ਯੁਧਿਸ਼ਠਿਰ ਦਾ ਸੰਯਮ, ਇਹ ਸਾਰੇ ਸਬਰ ਦੇ ਆਦਰਸ਼ ਰੂਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਬਰ-ਸੰਤੋਖ ਨੂੰ ਆਤਮਿਕ ਉੱਚਤਾ ਨਾਲ ਅਟੁੱਟ ਤੌਰ 'ਤੇ ਜੋੜਿਆ ਗਿਆ ਹੈ, ਜਿੱਥੇ ਮਨੁੱਖ ਨੂੰ ਹਰ ਪਰੀਸਥਿਤੀ ਵਿੱਚ ਧੀਰਜ ਅਤੇ ਵਿਸ਼ਵਾਸ ਕਾਇਮ ਰੱਖਣ ਦੀ ਪ੍ਰੇਰਣਾ ਮਿਲਦੀ ਹੈ। ਇਸੇ ਸੰਕਲਪ ਨੂੰ ਸੂਫ਼ੀ ਸਾਹਿਤ ਵਿੱਚ ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚ ਵਿਸ਼ੇਸ਼ ਢੰਗ ਨਾਲ ਅਭਿਵਿਅਕਤ ਕੀਤਾ ਗਿਆ ਹੈ, ਜਿੱਥੇ ਉਹ ਸਧਾਰਣ ਜੀਵਨ, ਘੱਟ ਸਾਧਨਾਂ ਨਾਲ ਸੰਤੁਸ਼ਟੀ ਅਤੇ ਧੀਰਜ ਨੂੰ ਆਤਮਿਕ ਉੱਚਤਾ ਦਾ ਆਧਾਰ ਮੰਨਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਫਰੀਦ ਬਾਣੀ ਇਸ ਸੰਕਲਪ ਨੂੰ ਹੋਰ ਵੀ ਦ੍ਰਿੜ੍ਹ ਕਰਦੀ ਹੈ:

*ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥*
*ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥*(12)

ਸਬਰ-ਸੰਤੋਖ ਦਾ ਭਾਰਤੀ ਗਿਆਨ-ਪਰੰਪਰਾ ਵਿੱਚ ਆਤਮਿਕ ਵਿਕਾਸ ਅਤੇ ਨੈਤਿਕ ਜੀਵਨ ਦਾ ਅਟੁੱਟ ਅੰਗ ਹੋਣ ਦੀ ਇਹੀ ਧਾਰਣਾ ਲੋਕ-ਕਥਾਵਾਂ, ਵਿਸ਼ੇਸ਼ ਕਰਕੇ ਰਾਜਾ ਰਸਾਲੂ ਦੇ ਕਿਸਿਆਂ ਵਿੱਚ ਵੀ ਵੱਖ-ਵੱਖ ਪ੍ਰਸੰਗਾਂ ਰਾਹੀਂ ਪ੍ਰਗਟ ਹੁੰਦੀ ਹੈ, ਜਿੱਥੇ ਪਾਤਰਾਂ ਦੇ ਵਰਤਾਓ ਵਿੱਚ ਧੀਰਜ, ਸੰਯਮ ਅਤੇ ਸੰਤੋਖ ਦੇ ਗੁਣ ਸਪਸ਼ਟ ਰੂਪ ਵਿੱਚ ਦਰਸਾਏ ਜਾਂਦੇ ਹਨ, ਜਿਵੇਂ ਕਥਾ ਰਾਜਾ ਭੋਜ ਵਿੱਚ ਵਿੱਚ ਰੱਜੀ ਹੋਈ

ਕਾਂਵਣੀ ਕਾਂ ਨੂੰ ਕਹਿੰਦੀ ਹੈ ਕਿ ਖਾਣ ਦਾ ਸ਼ੌਕ ਤਾਂ ਮੇਰਾ ਪੂਰਾ ਹੋ ਗਿਆ, ਹੁਣ ਮੈਨੂੰ ਉੱਚੇ ਮੰਡਲਾਂ ਦੀ ਸੈਰ ਕਰਵਾਓ, ਮੇਰਾ ਦਿਲ ਤਾਰਿਆਂ ਵਿੱਚ ਘੁਮੰਣ ਵਾਸਤੇ ਮਚਲ ਰਿਹਾ ਹੈ, ਤਾਂ ਉਸਨੂੰ ਕਾਂ ਸਮਝਾਉਂਦਾ ਹੈ ਕਿ ਬਹੁਤੀ ਉਡਾਰੀ ਭਰਨੀ ਸਾਡੀ ਸਮਰਥਾ ਤੋਂ ਬਾਹਰ ਹੈ ਅਤੇ ਅਜਿਹੀ ਲਾਲਸਾ ਕਰਨੀ ਠੀਕ ਨਹੀਂ। ਇਸੇ ਤਰ੍ਹਾਂ ਮੀਰ ਸ਼ਿਕਾਰੀ ਦੀ ਕਥਾ ਵਿੱਚ ਵੀ ਸ਼ਿਕਾਰੀ ਦੀ ਮੌਤ ਤੋਂ ਬਾਅਦ ਉਸਦੀ ਪਤਨੀ ਛਾਤੀ ਉੱਤੇ ਹੱਥ ਮਾਰ ਕੇ ਪਿੱਟਣ ਲਗਦੀ ਹੈ ਤਾਂ ਰਾਜਾ ਰਸਾਲੂ ਉਸ ਨੂੰ ਦਿਲਾਸਾ ਦਿੰਦਾ ਹੈ ਕਿ ਸਬਰ ਰੱਖੋ, ਹੋਣੀ ਨੂੰ ਕੋਈ ਨਹੀਂ ਟਾਲ ਸਕਦਾ। ਇਸ ਪ੍ਰਸੰਗ ਵਿੱਚ ਰਾਜਾ ਰਸਾਲੂ ਨਾਲ ਸੰਬੰਧਿਤ ਲੋਕ-ਕਥਾਵਾਂ ਭਾਰਤੀ ਪਰੰਪਰਾ ਦੇ ਮੂਲ ਸਿਧਾਂਤਾਂ, ਨੈਤਿਕ ਮਾਪਦੰਡਾਂ ਅਤੇ ਜੀਵਨ-ਮੁੱਲਾਂ ਨੂੰ ਸਾਰਥਕ ਰੂਪ ਵਿੱਚ ਪ੍ਰਤੀਬਿੰਬਿਤ ਕਰਦੀਆਂ ਹਨ। ਭਾਰਤੀ ਲੋਕ-ਕਥਾਵਾਂ ਅਤੇ ਦੰਤ-ਕਥਾਵਾਂ ਵਿੱਚ 'ਮਾਇਆ' ਅਤੇ 'ਲਾਲਚ' ਦੇ ਸੰਕਲਪਾਂ ਨੂੰ ਗੰਭੀਰ ਦਾਰਸ਼ਨਿਕ ਪ੍ਰਸੰਗ ਵਿੱਚ ਵਿਸ਼ਲੇਸ਼ਿਤ ਕੀਤਾ ਗਿਆ ਹੈ। ਇਨ੍ਹਾਂ ਬਿਰਤਾਂਤਾਂ ਰਾਹੀਂ ਮਨੁੱਖੀ ਸਮਾਜ ਨੂੰ ਆਦਿਕਾਲ ਤੋਂ ਹੀ ਮਾਇਆ ਦੇ ਮੋਹਜਾਲ ਅਤੇ ਲਾਲਸਾ ਦੇ ਨਕਾਰਾਤਮਕ ਪ੍ਰਭਾਵਾਂ ਪ੍ਰਤੀ ਸੁਚੇਤ ਕੀਤਾ ਜਾਂਦਾ ਰਿਹਾ ਹੈ। ਦਰਅਸਲ, ਮਾਇਆ ਨੂੰ ਆਧਿਆਤਮਿਕ ਉੱਨਤੀ ਦੇ ਮਾਰਗ ਵਿੱਚ ਕੇਂਦਰੀ ਅਵਰੋਧ ਵਜੋਂ ਅੰਗੀਕਾਰਿਆ ਗਿਆ, ਕਿਉਂਕਿ ਇਹ ਮਨੁੱਖੀ ਚੇਤਨਾ ਨੂੰ ਪਰਮ ਸੱਤ ਅਤੇ ਤੱਤ-ਗਿਆਨ ਤੋਂ ਵਿਛੋੜਦੀ ਹੈ। ਕਥਾ *ਛਲਾਵਾ ਮਹਿਲ* ਵਿੱਚ ਮਾਇਆ ਦੇ ਪ੍ਰਭਾਵ ਅਤੇ ਉਸ ਦੇ ਨਤੀਜਿਆਂ ਨੂੰ ਦਰਸਾਉਂਦਾ ਹੇਠਾਂ ਦਿੱਤਾ ਉਦਾਹਰਨ ਇਸ ਗੱਲ ਨੂੰ ਹੋਰ ਉਜਾਗਰ ਕਰਦਾ ਹੈ:

> *"ਰਸਾਲੂ ਪੁੱਛਦਾ ਹੈ- ਤੂੰ ਕੌਣ ਏਂ?*
>
> *ਮਾਇਆ ਜਵਾਬ ਦਿੰਦੀ ਹੈ- ਮੈਂ ਮਾਇਆ ਹਾਂ, ਜੋ ਕਈ ਰੂਪਾਂ ਵਿੱਚ ਲੋਕਾਂ ਨੂੰ ਛਲਦੀ ਹਾਂ।..ਮੈਂ ਜਿਹੜਾ ਵੀ ਰੂਪ ਧਾਰਨ ਕਰ ਲਵਾਂ, ਤੂੰ ਮੈਨੂੰ ਨਸ਼ਟ ਨਹੀਂ ਕਰ ਸਕਦਾ। ਦੁਨੀਆਂ ਮੈਨੂੰ ਚਾਹੁੰਦੀ ਹੈ। ਇਹ ਸਾਰਾ ਰੰਗ ਰੂਪ, ਖੁਸ਼ੀ ਆਨੰਦ ਮੇਰੇ ਸਦਕਾ ਏ। ਜਦੋਂ ਤਕ ਦੁਨੀਆਂ ਏ, ਮੈਂ ਕਇਮ ਹਾਂ।"*(13)

ਭਾਰਤੀ ਦਾਰਸ਼ਨਿਕ ਅਤੇ ਸਾਹਿਤਕ ਪਰੰਪਰਾ ਵਿੱਚ ਪਸ਼ੂ-ਪੰਛੀਆਂ ਨੂੰ ਗਿਆਨ, ਸੰਦੇਸ਼-ਵਾਹਕ ਅਤੇ ਆਤਮਿਕ ਸਚਾਈ ਦੇ ਪ੍ਰਤੀਕ ਵਜੋਂ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਪਸ਼ੂ-ਪੰਛੀਆਂ ਦੇ ਇਹ ਪ੍ਰਤੀਕ ਵਿਭਿੰਨ ਮਨੁੱਖੀ ਪ੍ਰਵਿਰਤੀਆਂ, ਉਸਦੇ ਅੰਦਰਲੇ ਪਸ਼ੂਪੁਣੇ ਤੇ ਸਾਊਪੁਣੇ ਦੇ ਪ੍ਰਤੀਕ ਹਨ ਜੋ ਕਦੇ ਕਾਮਾਦਿਕ ਬਿਰਤੀਆਂ ਤੇ ਕਦੇ ਸਦਗੁਣਾਂ ਦੇ ਰੂਪ ਵਿੱਚ ਸਾਡੇ ਅੰਦਰੋਂ ਸਿਰ ਚੁੱਕਦੇ ਰਹਿੰਦੇ ਹਨ। ਤੋਤਾ-ਮੈਨਾ ਸੰਬੰਧੀ ਕਥਾਵਾਂ ਵਿੱਚ ਇਹ ਪੰਛੀ ਮਨੁੱਖੀ ਸਮਾਜ ਦੇ ਅਣਕਹੇ ਸੱਚ ਨੂੰ ਉਜਾਗਰ ਕਰਨ ਵਾਲੇ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਉਭਰਦੇ ਹਨ। ਇਸ ਪ੍ਰਸੰਗ ਵਿੱਚ ਕਥਾਕਾਰ ਇਨ੍ਹਾਂ ਪ੍ਰਤੀਕਾਂ ਰਾਹੀਂ ਸਮਾਜਿਕ ਅਤੇ ਨੈਤਿਕ ਮੁੱਲਾਂ ਦਾ ਪ੍ਰਸਾਰ ਕਰਦਾ ਹੈ। ਤੋਤਾ ਵਿਸ਼ੇਸ਼ ਤੌਰ 'ਤੇ ਬੋਲਚਾਲ, ਯਾਦਸ਼ਕਤੀ ਅਤੇ ਸੱਚ ਦੀ ਅਭਿਵਿਅਕਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਜਦਕਿ ਮੈਨਾ ਪ੍ਰੇਮ, ਸੰਵੇਦਨਸ਼ੀਲਤਾ ਅਤੇ ਅੰਤਰਦ੍ਰਿਸ਼ਟੀ ਦੀ ਪ੍ਰਤੀਕਾਤਮਕ ਅਭਿਵਿਅੰਜਨਾ ਕਰਦੀ ਹੈ। ਇਸ ਤਰ੍ਹਾਂ, ਇਹ ਦੋਵੇਂ ਪੰਛੀ ਮਨੁੱਖੀ ਸੰਬੰਧਾਂ ਦੀ ਨਜ਼ਾਕਤ ਅਤੇ ਮਨੋਵਿਗਿਆਨਿਕ ਪਹਿਲੂਆਂ ਨੂੰ ਰੂਪਕਾਤਮਕ ਢੰਗ ਨਾਲ ਪ੍ਰਗਟ ਕਰਦੇ ਹਨ। ਕਥਾਸਰਿਤਸਾਗਰ, ਪੰਚਤੰਤਰ, ਹਿਤੋਪਦੇਸ਼ ਅਤੇ ਸਿੰਘਾਸਨ ਬੱਤੀਸੀ ਵਰਗੀਆਂ ਪ੍ਰਾਚੀਨ ਭਾਰਤੀ ਰਚਨਾਵਾਂ ਵਿੱਚ ਵੀ ਜਾਨਵਰਾਂ ਅਤੇ ਪੰਛੀਆਂ ਨੂੰ ਮਨੁੱਖੀ ਗੁਣਾਂ ਨਾਲ ਅੰਕਿਤ ਕਰਕੇ ਸਿੱਖਿਆਤਮਕ ਅਤੇ ਨੈਤਿਕ ਸੰਦੇਸ਼ ਪ੍ਰਸਤੁਤ ਕੀਤੇ ਗਏ ਹਨ। ਇਸੇ ਪਰੰਪਰਾ ਨੂੰ ਰਾਜਾ ਰਸਾਲੂ ਦੇ ਕਿੱਸੇ ਅੱਗੇ ਵਧਾਉਂਦੇ ਹਨ, ਜਿੱਥੇ ਜੀਵ-ਜੰਤੂ ਪ੍ਰਤੀਕਾਤਮਕ ਅਤੇ ਸਿੱਖਿਆਤਮਕ ਭੂਮਿਕਾ ਨਿਭਾਉਂਦੇ ਹਨ। ਲੋਕ ਬੀਰ ਰਾਜਾ ਰਸਾਲੂ ਵਿੱਚ ਤੋਤਾ, ਮੈਨਾ, ਚਿੜੀ-ਚਿੜਾ ਆਦਿ ਜੀਵ-ਜੰਤੂਆਂ ਦਾ ਬੋਲਣਾ ਕੇਵਲ ਰਸਾਤਮਕਤਾ ਦਾ ਸਾਧਨ ਨਹੀਂ, ਸਗੋਂ ਇਹ ਭਾਰਤੀ ਲੋਕ-ਚੇਤਨਾ ਅਤੇ ਸਾਂਸਕ੍ਰਿਤਿਕ ਪਰੰਪਰਾ ਨਾਲ ਗੂੜ੍ਹੇ ਤੌਰ 'ਤੇ ਸੰਬੰਧਿਤ ਇੱਕ ਮਹੱਤਵਪੂਰਨ ਪ੍ਰਤੀਕਾਤਮਕ ਰਚਨਾ-ਤੱਤ ਹੈ। ਇਹ ਪੰਛੀ ਕਥਾ-ਵਸਤੂ ਵਿੱਚ ਅਲੌਕਿਕਤਾ ਦਾ ਸੰਚਾਰ ਕਰਦੇ ਹੋਏ ਮਨੁੱਖੀ ਅਨੁਭਵਾਂ, ਆਦਰਸ਼ਾਂ ਅਤੇ ਨੈਤਿਕ ਸੰਦੇਸ਼ਾਂ ਨੂੰ ਰੂਪਕਾਤਮਕ ਅਤੇ ਸੰਕੇਤਮਾਤਮਕ ਢੰਗ ਨਾਲ ਪ੍ਰਸਤੁਤ ਕਰਦੇ ਹਨ। ਜਿਵੇਂ:

> *"ਤੋਤੇ ਨੇ ਮੈਨਾ ਨੂੰ ਸਮਝਾਇਆ, "ਮੈਨਾ ਚੁੱਪ ਰਹੁ, ਇਹ ਵੇਲਾ ਬੋਲਣ ਦਾ ਨਹੀਂ। ਐਵੇਂ ਜਾਨ ਗੰਵਾ ਲਏਂਗੀ।"*
>
> *ਪਰ ਮੈਨਾ ਨੂੰ ਤੋਤੇ ਉੱਤੇ ਵੀ ਗੁੱਸਾ ਚੜ੍ਹ ਗਿਆ ਅਤੇ ਉਹ ਆਖਣ ਲੱਗੀ, ਮੈਂ ਤੇਰੇ ਵਾਂਗ ਨਿਮਕ ਹਰਾਮ ਨਹੀਂ ਆਂ। ਰਾਜੇ ਦੀ ਪੱਤ ਲੁੱਟੀ ਜਾ ਰਹੀ ਏ, ਮੈਂ ਕਿਵੇਂ ਚੁੱਪ ਰਹਾਂ। ਫਿਰ ਮੈਨਾ ਨੇ ਰਾਜੇ ਹੋਡੀ ਨੂੰ ਵੰਗਾਰਦਿਆਂ ਕਿਹਾ:*
>
> *ਕਿਥੇ ਗੰਵਾਏ ਮਿਰਗ ਨੀ?*
> *ਕਿਥੇ ਗੰਵਾਏ ਨੀ ਢੋਰ?*
> *ਤੂੰ ਕੋਈ ਸ਼ਾਹਿਦ ਨਹੀਂ ਜਾਪਦਾ*
> *ਤੂੰ ਤਾਂ ਕੋਈ ਹੋਰ ।"*(14)

ਲੋਕ ਕਥਾਵਾਂ ਅਤੇ ਦੰਤ ਕਥਾਵਾਂ ਦੇ ਸੰਦਰਭ ਵਿੱਚ ਬੋਲਦੇ ਜੀਵ-ਜੰਤੂਆਂ ਦੀ ਭੂਮਿਕਾ ਬਹੁ-ਪੱਖੀ ਹੈ। ਇੱਕ ਪਾਸੇ ਇਹ ਕਥਾ ਨੂੰ ਆਨੰਦਮਈ ਅਤੇ ਗਤੀਸ਼ੀਲ ਬਣਾਉਂਦੇ ਹਨ, ਦੂਜੇ ਪਾਸੇ ਇਹ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਭਾਵਸ਼ਾਲੀ ਸਾਧਨ ਬਣਦੇ ਹਨ। ਇਹ ਪਸ਼ੂ ਪੰਛੀ ਸੱਚਾਈ, ਚਤੁਰਾਈ, ਧੀਰਜ, ਨੈਤਿਕਤਾ ਆਦਿ ਨੂੰ ਪ੍ਰਤੀਕਾਤਮਕ ਢੰਗ ਨਾਲ ਉਭਾਰਦੇ ਹਨ, ਜਿਸ ਨਾਲ ਕਥਾ ਵਿੱਚ ਗਹਿਰਾਈ ਅਤੇ ਅਰਥ-ਵਿਸ਼ਾਲਤਾ ਆਉਂਦੀ ਹੈ। ਇਸ ਤਰ੍ਹਾਂ, ਪਸ਼ੂ-ਪੰਛੀਆਂ ਦੇ ਇਹ ਪ੍ਰਤੀਕ ਰਾਜਾ ਰਸਾਲੂ ਸੰਬੰਧੀ ਕਥਾਵਾਂ ਵਿੱਚ ਕੇਵਲ ਕਥਾ-ਸੁੰਦਰਤਾ ਦੇ ਤੱਤ ਨਹੀਂ, ਸਗੋਂ ਇਹ ਭਾਰਤੀ ਸਾਂਸਕ੍ਰਿਤਿਕ ਮੁੱਲਾਂ, ਪ੍ਰਤੀਕਾਤਮਕ ਅਰਥਾਂ ਅਤੇ ਲੋਕ-ਧਾਰਨਾ ਦੀ ਨੁਮਾਇੰਦਗੀ ਕਰਨ ਵਾਲੇ ਤੱਤ ਵਜੋਂ ਮਹੱਤਵਪੂਰਨ ਸਥਾਨ ਰੱਖਦੇ ਹਨ।

ਨਿਸ਼ਕਰਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਲੋਕ ਸਾਹਿਤ, ਵਿਸ਼ੇਸ਼ ਤੌਰ 'ਤੇ ਲੋਕ ਕਥਾਵਾਂ ਅਤੇ ਦੰਤ ਕਥਾਵਾਂ, ਭਾਰਤੀ ਗਿਆਨ-ਪਰੰਪਰਾ ਦੇ ਵਿਭਿੰਨ ਪੱਖਾਂ ਨੂੰ ਆਪਣੇ ਅੰਦਰ ਸਮੇਟਣ ਵਾਲਾ ਇੱਕ ਮਹੱਤਵਪੂਰਨ ਸਾਂਸਕ੍ਰਿਤਿਕ ਭੰਡਾਰ ਹਨ, ਜੋ ਮਨੁੱਖੀ ਜੀਵਨ ਦੇ ਨੈਤਿਕ, ਸਮਾਜਿਕ ਅਤੇ ਆਧਿਆਤਮਿਕ ਆਯਾਮਾਂ ਨੂੰ ਜੀਵੰਤਤਾ ਨਾਲ ਪ੍ਰਗਟ ਕਰਦਾ ਹੈ। ਇਸ ਸੰਦਰਭ ਵਿੱਚ ਵਣਜਾਰਾ ਬੇਦੀ ਦੁਆਰਾ ਸੰਕਲਿਤ *'ਲੋਕ ਬੀਰ ਰਾਜਾ ਰਸਾਲੂ'* ਕੇਵਲ ਲੋਕ-ਵਿਰਾਸਤ ਦੇ ਸੰਭਾਲ ਅਤੇ ਪੁਨਰ-ਪੇਸ਼ਕਾਰੀ ਦਾ ਯਤਨ ਨਹੀਂ, ਸਗੋਂ ਭਾਰਤੀ ਸਾਂਸਕ੍ਰਿਤਿਕ ਚੇਤਨਾ ਅਤੇ ਲੋਕ-ਜੀਵਨ ਵਿੱਚ ਰਚੇ-ਬਸੇ ਮੁੱਲਾਂ ਨੂੰ ਸਾਹਿਤਕ ਰੂਪ ਵਿੱਚ ਸਥਾਪਿਤ ਕਰਨ ਦਾ ਇੱਕ ਮਹੱਤਵਪੂਰਨ ਉਪਰਾਲਾ ਵੀ ਹੈ। ਵਣਜਾਰਾ ਬੇਦੀ ਨੇ ਲੋਕ-ਪਰੰਪਰਾ ਵਿੱਚ ਵਿਖਰੀਆਂ ਕਥਾਵਾਂ ਨੂੰ ਇਕੱਠਾ ਕਰਕੇ ਅਜਿਹੇ ਸੰਗ੍ਰਹਿ ਦਾ ਰੂਪ ਦਿੱਤਾ ਹੈ, ਜਿਸ ਰਾਹੀਂ ਲੋਕ-ਮਨ ਦੀ ਸਾਂਝੀ ਚੇਤਨਾ, ਵਿਸ਼ਵਾਸ-ਪ੍ਰਣਾਲੀ ਅਤੇ ਸੱਭਿਆਚਾਰਕ ਅਨੁਭਵਾਂ ਦੀ ਡੂੰਘੀ ਸਮਝ ਵਿਕਸਿਤ ਹੁੰਦੀ ਹੈ।

ਰਾਜਾ ਰਸਾਲੂ ਨਾਲ ਸੰਬੰਧਿਤ ਇਹ ਕਥਾਵਾਂ ਭਾਰਤੀ ਪਰੰਪਰਾ ਦੇ ਮੂਲ ਸਿਧਾਂਤਾਂ ਜਿਵੇਂ ਧਰਮ, ਨਿਆਂ, ਤਿਆਗ ਅਤੇ ਸਬਰ-ਸੰਤੋਖ ਦੀ ਸਾਰਥਕ ਅਭਿਵਿਅਕਤੀ ਕਰਦੀਆਂ ਹਨ, ਜਿਸ ਵਿੱਚ ਨਾਇਕ ਦਾ ਕਿਰਦਾਰ ਵੱਖ-ਵੱਖ ਪ੍ਰਸੰਗਾਂ ਰਾਹੀਂ ਸਪਸ਼ਟ ਰੂਪ ਵਿੱਚ ਉਭਰਦਾ ਹੈ। ਇਸ ਤੋਂ ਇਲਾਵਾ, ਇਨ੍ਹਾਂ ਕਥਾਵਾਂ ਵਿੱਚ ਵਰਤੀ ਗਈ ਪ੍ਰਤੀਕਾਤਮਕਤਾ, ਵਿਸ਼ੇਸ਼ ਤੌਰ ‘ਤੇ ਪਸ਼ੂ-ਪੰਛੀਆਂ ਅਤੇ ਹੋਰ ਲੋਕ-ਪ੍ਰਤੀਕਾਂ ਦਾ ਪ੍ਰਯੋਗ, ਕਥਾ ਨੂੰ ਡੂੰਘੇ ਅਰਥਾਂ ਅਤੇ ਦਾਰਸ਼ਨਿਕ ਆਯਾਮਾਂ ਨਾਲ ਸੰਪੰਨ ਕਰਦਾ ਹੈ। ਇਸ ਪੱਖ ਤੋਂ ਇਹ ਕਥਾਵਾਂ ਪੰਚਤੰਤਰ, ਹਿਤੋਪਦੇਸ਼ ਅਤੇ ਭਾਰਤੀ ਕਥਾ-ਪਰੰਪਰਾ ਦੀਆਂ ਹੋਰ ਧਾਰਾਵਾਂ ਨਾਲ ਨਿਰੰਤਰਤਾ ਸਥਾਪਿਤ ਕਰਦੀਆਂ ਹਨ। ਇਸ ਆਧਾਰ ‘ਤੇ ਕਿਹਾ ਜਾ ਸਕਦਾ ਹੈ ਕਿ ਵਣਜਾਰਾ ਬੇਦੀ ਦੁਆਰਾ ਸੰਕਲਿਤ ‘ਲੋਕ ਬੀਰ ਰਾਜਾ ਰਸਾਲੂ’ ਭਾਰਤੀ ਜੀਵਨ-ਦ੍ਰਿਸ਼ਟੀ ਅਤੇ ਸਾਂਸਕ੍ਰਿਤਿਕ ਚੇਤਨਾ ਦੇ ਵਿਭਿੰਨ ਪੱਖਾਂ ਨੂੰ ਸਾਰਥਕ ਰੂਪ ਵਿੱਚ ਪ੍ਰਗਟ ਕਰਦਿਆਂ ਲੋਕ-ਮਨ ਦੀ ਸਾਂਝੀ ਚੇਤਨਾ, ਨੈਤਿਕ ਕਦਰਾਂ-ਕੀਮਤਾਂ ਅਤੇ ਮਨੁੱਖੀ ਅਨੁਭਵਾਂ ਦੇ ਬਹੁ-ਪੱਧਰੀ ਸਰੂਪ ਨੂੰ ਉਜਾਗਰ ਕਰਦਾ ਹੈ।

## *ਹਵਾਲੇ ਅਤੇ ਟਿੱਪਣੀਆ*


1. *ਬੇਦੀ, ਵਣਜਾਰਾ (2019), ਲੋਕ ਬੀਰ ਰਾਜ ਰਸਾਲੂ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, ਪੰਨਾ: 71*
2. *ਸਿੰਘ, ਹਰਜੋਧ (ਡਾ.)(2012), ਕਿੱਸਾ ਕਾਵਿ ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 06.*
3. *ਕੈਰੋਂ, ਜੋਗਿੰਦਰ ਸਿੰਘ (ਡਾ.)(1987), ਪੰਜਾਬੀ ਲੋਕ ਕਹਾਣੀਆਂ ਦਾ ਸਰੰਚਨਾਤਮਕ ਅਧਿਐਨ ਅਤੇ ਵਰਗੀਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 15.*
4. *ਬੇਦੀ, ਵਣਜਾਰਾ (1979), ਬਾਤਾਂ ਮੁੱਢ ਕਦੀਮ ਦੀਆਂ, ਲੋਕ ਪ੍ਰਕਾਸ਼ਨ, ਦਿੱਲੀ, ਪੰਨਾ: 10.*
5. *ਮਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ, ਪੰਨਾ: 71*
6. *ਸਿੰਘ, ਜਗਬੀਰ (2013), ਬਾਣੀ ਸੰਸਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ: 40.*
7. *ਬੇਦੀ, ਗੁਰਨਾਮ ਕੌਰ(1999), ਗੁਰਮਤਿ ਸੰਕਲਪ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਪੰਨੇ:16-17.*
8. *ਲੋਕ ਬੀਰ ਰਾਜ ਰਸਾਲੂ, ਪੰਨਾ: 23.*
9. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 337.*
10. *ਲੋਕ ਬੀਰ ਰਾਜ ਰਸਾਲੂ, ਪੰਨੇ: 39-40.*
11. *https://vedabase.io/en/library/bg/02/38/*
12. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ:1379.*
13. *ਲੋਕ ਬੀਰ ਰਾਜ ਰਸਾਲੂ, ਪੰਨਾ: 75.*
14. *-ਉਹੀ-, ਪੰਨਾ: 175.*



### *Cite this Article-*

*ਹੰਸਰਾਜ (Hansraj), ਵਣਜਾਰਾ ਬੇਦੀ ਦੁਆਰਾ ਸੰਕਲਿਤ ਲੋਕ ਕਥਾਵਾਂ: ‘ਲੋਕ ਬੀਰ ਰਾਜਾ ਰਸਾਲੂ’ ਵਿੱਚ ਭਾਰਤੀ ਪਰੰਪਰਾ (Wanjara Bedi Duwara Sankalit Lok Kathavan: Raja Rasalu Vich Bharati Parampara), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 125-130.*

*Journal URL: www.armaan.org.in*

*DOI: https://doi.org/10.64119/armaan.vol.4.issue2.23*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*